# ਪਰਿਵਾਰਕ ਸਿੱਖਿਆ

# ਸਾਧਨ

shepherds
GLOBAL CLASSROOM

Shepherds Global Classroom ਦੁਨੀਆ ਭਰ ਦੇ ਉੱਭਰਦੇ ਮਸੀਹੀ ਆਗੂਆਂ ਲਈ ਪਾਠਕ੍ਰਮ ਪ੍ਰਦਾਨ ਕਰਕੇ ਮਸੀਹ ਦੇ ਸਰੀਰ ਨੂੰ ਤਿਆਰ ਕਰਨ ਲਈ ਮੌਜੂਦ ਹੈ। ਸਾਡਾ ਟੀਚਾ ਵਿਸ਼ਵ ਦੇ ਹਰ ਦੇਸ਼ ਵਿੱਚ ਆਤਮਿਕ ਟ੍ਰੇਨਰਾਂ ਦੇ ਹੱਥਾਂ ਵਿੱਚ 20-ਕੋਰਸ ਪਾਠਕ੍ਰਮ ਟੂਲ ਦੇ ਕੇ ਸਵਦੇਸ਼ੀ ਸਿਖਲਾਈ ਪ੍ਰੋਗਰਾਮਾਂ ਨੂੰ ਵਧਾਉਣਾ ਹੈ।

https://www.shepherdsglobal.org/courses ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਕਾਪੀਰਾਈਟ © 2023 Shepherds Global Classroom
ਪਹਿਲੇ ਐਡੀਸ਼ਨ ਦਾ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ।

ਸਾਰੇ ਹੱਕ ਰਾਖਵੇਂ ਹਨ.

ਜਦੋਂ ਤੱਕ ਹੋਰ ਸੰਕੇਤ ਨਹੀਂ ਦਿੱਤਾ ਜਾਂਦਾ, ਸਾਰੇ ਬਚਨ ਬਾਈਬਲ ਸੋਸਾਇਟੀ ਆਫ਼ ਇੰਡੀਆ, ਪੰਜਾਬੀ OV (ਪੁਰਾਣਾ ਅਨੁਵਾਦ) ਸੰਸਕਰਣ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਜ਼ ਦੇ ਪ੍ਰਕਾਸ਼ਨ ਸੇਵਕਾਈ ਦੁਆਰਾ ਹਨ। ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ ਹਨ।

**ਛੋਟੇ ਬੱਚਿਆਂ ਲਈ ਸਵਾਲ ਅਤੇ ਜਵਾਬ**

ਲੇਖਕ: ਜੋਨਾਥਨ ਅਰਨੋਲਡ
ਜੋਨਾਥਨ ਅਰਨੋਲਡ ਦੀ ਕਿਤਾਬ ਤੋਂ, *Holy Joys Kids' Catechism*, 2022. ਸੁੰਦਰ ਉਦਾਹਰਨਾਂ ਦੇ ਨਾਲ ਇਸ ਕੈਟੇਕਿਜ਼ਮ ਦੇ ਪ੍ਰਿੰਟ ਐਡੀਸ਼ਨ ਲਈ, ਇੱਥੇ ਜਾਓ https://holyjoys.org/shop. ਇਜਾਜ਼ਤ ਨਾਲ ਵਰਤੀ ਗਈ।

**ਬੱਚਿਆਂ ਲਈ ਸਵਾਲ ਅਤੇ ਜਵਾਬ**

ਲੇਖਕ: ਡਾ. ਮੈਟ ਫ੍ਰਾਈਡਮੈਨ ਅਤੇ ਡਾ. ਰੇ ਈਜ਼ਲੀ
ਡਾ. ਮੈਟ ਫ੍ਰਾਈਡਮੈਨ ਦੀ ਕਿਤਾਬ ਤੋਂ, *Discipleship in the Home*, (Wilmore: Francis Asbury Society, 2010), pp. 125-143.
ਇਜਾਜ਼ਤ ਨਾਲ ਵਰਤੀ ਗਈ, 126 ਤੋਂ 116 ਸਵਾਲਾਂ ਤੱਕ ਥੋੜ੍ਹਾ ਜਿਹਾ ਸੰਖੇਪ, ਮਾਮੂਲੀ ਤਬਦੀਲੀਆਂ ਨਾਲ।

## ਕਹਾਉਤਾਂ ਤੋਂ ਸਿਧਾਂਤ

ਲੇਖਕ: ਡਾ. ਸਟੀਫਨ ਗਿਬਸਨ (Dr. Stephen Gibson)

**ਇਜਾਜ਼ਤ ਨੋਟਿਸ:**

ਇਸ ਕਿਤਾਬ ਦੀ ਨਕਲ ਕੀਤੀ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿਦਿਅਕ ਅਦਾਰੇ ਇਸ ਕਿਤਾਬ ਦੀ ਵਰਤੋਂ/ਨਕਲ ਕਰਨ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। Shepherds Global Classroom ਦੀ ਇਜਾਜ਼ਤ ਅਤੇ ਨਿਗਰਾਨੀ ਤੋਂ ਬਿਨਾਂ ਕਿਤਾਬ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ਹੈ।

# ਵਿਸ਼ਾ ਸੂਚੀ


ਰਸੂਲਾਂ ਦਾ ਵਿਸ਼ਵਾਸ ਕਥਨ ........................................ 6

ਪ੍ਰਭੂ ਦੀ ਪ੍ਰਾਰਥਨਾ ........................................ 7

ਮਾਪਿਆਂ ਲਈ: ਸਾਧਨ 1 ਅਤੇ 2 ........................................ 9

ਛੋਟੇ ਬੱਚਿਆਂ ਲਈ ਸਵਾਲ ਅਤੇ ਜਵਾਬ ........................................ 15

ਬੱਚਿਆਂ ਲਈ ਸਵਾਲ ਅਤੇ ਜਵਾਬ ........................................ 25

ਮਾਪਿਆਂ ਲਈ: ਸਾਧਨ 3 ........................................ 51

ਕਹਾਉਤਾਂ ਤੋਂ ਸਿਧਾਂਤ ........................................ 53

# ਰਸੂਲਾਂ ਦਾ ਵਿਸ਼ਵਾਸ ਕਥਨ

ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ੁਰ ਵਿੱਚ ਵਿਸ਼ਵਾਸ ਕਰਦਾ ਹਾਂ
ਜੋ ਕਿ ਸਵਰਗ ਅਤੇ ਧਰਤੀ ਦਾ ਸਿਰਜਣਹਾਰ ਹੈ।

ਮੈਂ, ਉਸ ਦੇ ਇਕਲੌਤੇ ਪੁੱਤਰ, ਯਿਸੂ ਮਸੀਹ, ਸਾਡੇ ਪ੍ਰਭੂ
ਵਿੱਚ ਵਿਸ਼ਵਾਸ ਕਰਦਾ ਹਾਂ ਜੋ ਪਵਿੱਤਰ ਆਤਮਾ ਦੇ ਦੁਆਰਾ
ਗਰਭ ਵਿੱਚ ਆਇਆ ਅਤੇ ਮਰਿਯਮ ਤੋਂ ਪੈਦਾ ਹੋਇਆ।
ਉਸ ਨੇ ਪੋਂਤਯੁਸ ਪਿਲਾਤੁਸ ਦੇ ਰਾਜ ਦੌਰਾਨ ਦੁੱਖ ਝੱਲਿਆ,
ਸਲੀਬ ਉੱਤੇ ਚੜ੍ਹਾਇਆ ਗਿਆ,
ਮਰ ਗਿਆ ਅਤੇ ਦਫਨਾਇਆ ਗਿਆ ਸੀ;
ਉਹ ਨਰਕ ਵਿੱਚ ਉੱਤਰਿਆ।
ਤੀਸਰੇ ਦਿਨ ਉਹ ਮੁਰਦਿਆਂ ਵਿੱਚੋਂ ਦੁਬਾਰਾ ਜੀ ਉੱਠਿਆ,
ਉਹ ਅਕਾਸ਼ ਨੂੰ ਉੱਪਰ ਚੜ੍ਹ ਗਿਆ ਅਤੇ ਸਰਬਸ਼ਕਤੀਮਾਨ ਪਿਤਾ,
ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੈ।
ਉੱਥੋਂ ਉਹ ਜੀਉਂਦੀਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।

ਮੈਂ ਪਵਿੱਤਰ ਆਤਮਾ ਵਿੱਚ,
ਪਵਿੱਤਰ ਸਰਬ-ਵਿਆਪਕ[1] ਕਲੀਸਿਯਾ ਵਿੱਚ,

---

[1] ਮਤਲਬ, ਹਰ ਸਮੇਂ ਅਤੇ ਹਰ ਜਗ੍ਹਾ ਦੀ ਸੱਚੀ ਮਸੀਹੀ ਕਲੀਸਿਯਾ/ਚਰਚ।

ਸੰਤਾਂ ਦੀ ਸਹਿਭਾਗਿਤਾ ਵਿੱਚ,

ਪਾਪਾਂ ਦੀ ਮਾਫ਼ੀ,

ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ

ਜੀਉਣ ਵਿੱਚ ਵਿਸ਼ਵਾਸ ਕਰਦਾ ਹਾਂ। ਆਮੀਨ।

# ਪ੍ਰਭੂ ਦੀ ਪ੍ਰਾਰਥਨਾ

ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ,ਤੇਰਾ ਨਾਮ ਪਾਕ ਮੰਨਿਆ ਜਾਵੇ

ਤੇਰਾ ਰਾਜ ਆਵੇ

ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।

ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ,

ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ,

ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ,

ਸਗੋਂ ਬੁਰਿਆਈ ਤੋਂ ਬਚਾ।

ਕਿਉਂਕਿ ਰਾਜ, ਸ਼ਕਤੀ ਅਤੇ ਮਹਿਮਾ ਹਮੇਸ਼ਾ ਹਮੇਸ਼ਾ ਲਈ ਤੇਰੀ ਹੈ। ਆਮੀਨ।

- ਮੱਤੀ 6:9-13

# ਮਾਪਿਆਂ ਲਈ: ਸਾਧਨ 1 ਅਤੇ 2

## ਸਵਾਲਾਂ ਅਤੇ ਜਵਾਬਾਂ ਦੇ ਨਾਲ ਸਿਖਾਉਣਾ

ਸਵਾਲ ਪੁੱਛਣਾ ਅਤੇ ਸੰਖੇਪ, ਛੋਟੇ ਜਵਾਬ ਦੇਣਾ ਸਿਖਾਉਣ ਦਾ ਇੱਕ ਪ੍ਰਭਾਵਸ਼ਾਲੀ ਢੰਗ ਹੈ ਜਿਸ ਦੀ ਸਦੀਆਂ ਤੋਂ ਵਰਤੋਂ ਕੀਤੀ ਗਈ ਹੈ।

ਇਸ ਪੁਸਤਕ ਵਿੱਚ ਦਿੱਤੇ ਸਵਾਲਾਂ ਅਤੇ ਜਵਾਬਾਂਵਿੱਚ ਬੁਨਿਆਦੀ ਮਸੀਹੀ ਸਿਧਾਂਤ ਸ਼ਾਮਲ ਹਨ।

**ਸਾਧਨ 1** ਬਹੁਤ ਛੋਟੇ ਬੱਚਿਆਂ ਨੂੰ ਸਿਖਾਉਣ ਲਈ ਲਾਭਦਾਇਕ ਹੈ। ਇਹ ਉਨ੍ਹਾਂ ਲਈ ਅੱਗੇ ਦੀ ਸਿੱਖਿਆ ਲਈ ਦ੍ਰਿੜ੍ਹ ਨੀਂਹ ਪ੍ਰਦਾਨ ਕਰਦਾ ਹੈ, ਜਦੋਂ ਉਹ ਵੱਡੇ ਹੁੰਦੇ ਹਨ।

**ਸਾਧਨ 2** ਬੱਚਿਆਂ ਅਤੇ ਨਵੇਂ ਮਸੀਹੀ ਬਣੇ ਲੋਕਾਂ ਨੂੰ ਸਿਖਾਉਣ ਲਈ ਲਾਭਦਾਇਕ ਹੈ। ਜਿਹੜੇ ਜਵਾਬ ਦਿੱਤੇ ਗਏ ਹਨ ਉਹ ਸੰਖੇਪ ਵਿਆਖਿਆਵਾਂ ਹਨ ਜੋ ਅੱਗੇ ਦੀ ਚਰਚਾ ਅਤੇ ਸਿੱਖਣ ਲਈ ਮੌਕੇ ਪ੍ਰਦਾਨ ਕਰਦੀਆਂ ਹਨ। ਇਹ ਸਿੱਖਿਆ ਇੱਕ ਘਰ ਦੇ ਢਾਂਚੇ ਵਾਂਗ ਹੈ: ਇਹ ਆਪਣੇ ਆਪ ਵਿੱਚ ਸੰਪੂਰਣ ਨਹੀਂ ਹੈ, ਪਰ ਇਹ ਉਹ ਢਾਂਚਾ ਪ੍ਰਦਾਨ ਕਰਦੀ ਹੈ ਜਿਸ ਉੱਤੇ ਮਸੀਹੀ ਵਿਸ਼ਵਾਸ ਦਾ ਨਿਰਮਾਣ ਕੀਤਾ ਜਾਣਾ ਹੈ।

## ਇੱਕ ਪਰਿਵਾਰ ਦੇ ਰੂਪ ਵਿੱਚ ਇਨ੍ਹਾਂ ਸਾਧਨਾਂ ਦੀ ਵਰਤੋਂ ਕਿਵੇਂ ਕਰੀਏ

ਇਨ੍ਹਾਂ ਸੰਸਾਧਨਾਂ ਵਿੱਚੋਂ ਕਿਸੇ ਦੀ ਵੀ ਚੰਗੀ ਤਰ੍ਹਾਂ ਵਰਤੋਂ ਕਰਨ ਲਈ, ਹਰੇਕ ਸਵਾਲ ਲਈ ਦਿੱਤੇ ਗਏ ਜਵਾਬਾਂ ਨੂੰ ਓਵੇਂ ਹੀ ਯਾਦ ਕਰਨਾ ਚਾਹੀਦਾ ਹੈ ਜਿਵੇਂ ਉਹ ਲਿਖੇ ਹੋਏ ਹਨ। ਜਵਾਬ ਨੂੰ ਸੰਖੇਪ ਨਹੀਂ ਕਰਨਾ ਚਾਹੀਦਾ ਜਾਂ ਇਨ੍ਹਾਂ ਦਾ ਕੇਵਲ ਸਾਰ ਨਹੀਂ ਦੱਸਣਾ ਚਾਹੀਦਾ। ਇਸ ਦੇ ਬਜਾਏ, ਬਿਲਕੁਲ ਓਹੀ ਸ਼ਬਦਾਂ ਨੂੰ ਯਾਦ ਕੀਤਾ ਜਾਵੇ। ਬਿਲਕੁਲ ਓਹੀ ਸ਼ਬਦਾਂ ਨੂੰ ਯਾਦ ਕਰਨਾ ਲੰਬਾ ਸਮਾਂ ਯਾਦ ਰੱਖਣ ਵਿੱਚ ਮਦਦ ਕਰੇਗਾ ਅਤੇ ਵਿਦਿਆਰਥੀਆਂ ਦੀ ਦਰੁਸਤ ਰਹਿਣਾ ਸਿੱਖਣ ਵਿੱਚ ਮਦਦ ਕਰੇਗਾ।

ਇਸ ਪੁਸਤਕ ਵਿਚਲੇ ਸਵਾਲਾਂ ਅਤੇ ਜਵਾਬਾਂ ਦੀ ਸਮੀਖਿਆ ਕਰਨ ਲਈ ਹਰ ਦਿਨ 10 ਮਿੰਟ ਦਾ ਸਮਾਂ ਤੈਅ ਕਰੋ। ਕਈ ਪਰਿਵਾਰ ਇਹ ਭੋਜਨ ਦੇ ਸਮੇਂ ਕਰਦੇ ਹਨ, ਜਦੋਂ ਸਾਰੇ ਮੌਜੂਦ ਹੁੰਦੇ ਹਨ, ਉਨ੍ਹਾਂ ਲਈ ਅਧਿਐਨ ਕਰਨ ਦਾ ਇਹ ਸਮਾਂ ਸਭ ਤੋਂ ਉੱਤਮ ਹੁੰਦਾ ਹੈ।

ਜਿਹੜਾ ਵਿਅਕਤੀ ਸਿਖਾਉਣ ਦੇ ਸਮੇਂ ਦੀ ਅਗਵਾਈ ਕਰ ਰਿਹਾ ਹੈ ਕੇਵਲ ਉਸ ਦੇ ਹੱਥ ਵਿੱਚ ਹੀ ਇਹ ਪੁਸਤਕ ਹੋਵੇ। ਆਗੂ ਨੂੰ ਚਾਹੀਦਾ ਹੈ ਕਿ ਉਹ ਸਵਾਲ ਬੋਲੇ ਅਤੇ ਫਿਰ ਜਵਾਬ ਬੋਲੇ ਅਤੇ ਦੂਸਰੇ ਸੁਣਨ, ਫਿਰ ਉਹ ਇਸ ਨੂੰ ਮਿਲਕੇ ਬੋਲਣ।

ਸਵਾਲ ਅਤੇ ਜਵਾਬ ਨੂੰ ਦੁਬਾਰਾ ਪੜ੍ਹੋ, ਛੋਟੇ ਬੱਚਿਆਂ ਨੂੰ ਪਿੱਛੇ-ਪਿੱਛੇ ਬੋਲਣ ਦਿਓ। ਬਾਲਗ ਨੂੰ ਸਵਾਲ ਨੂੰ ਦੁਹਰਾਉਂਦੇ ਰਹਿਣਾ ਚਾਹੀਦਾ ਹੈ। ਹੌਲੀ-ਹੌਲੀ (ਕੁਝ ਦਿਨਾਂ ਦੇ ਸਮੇਂ ਵਿੱਚ) ਬਾਲਗ ਨੂੰ ਜਵਾਬ ਦੱਸਣਾ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਬੱਚਾ ਸ਼ਬਦਾਂ ਨੂੰ ਯਾਦ ਕਰਦਾ ਹੈ ਅਤੇ ਬਿਨਾਂ ਕਿਸੇ ਮਦਦ ਦੇ ਆਪ ਬੋਲ ਸਕਦਾ ਹੈ। ਬਾਲਗ ਪੁੱਛਦਾ ਹੈ, ਬੱਚਾ ਜਵਾਬ ਦਿੰਦਾ ਹੈ – ਸਵਾਲ-ਅਤੇ-ਜਵਾਬ ਦੁਆਰਾ ਸਿੱਖਣ ਦਾ ਸਾਰ ਹੈ।

**ਸਾਧਨ 2 ਲਈ ਵਧੇਰੇ ਹਿਦਾਇਤਾਂ**

ਜਦੋਂ ਹਰੇਕ ਨੇ ਜਵਾਬ ਨੂੰ ਲੱਗਭਗ ਯਾਦ ਕਰ ਲਿਆ ਹੈ ਤਦ ਹਰੇਕ ਨਵੇਂ ਸਵਾਲ ਨੂੰ ਜੋੜੋ।

ਸੂਚੀ ਦੇ ਵਿੱਚ ਅੱਗੇ ਵਧਦੇ ਜਾਓ, ਹਮੇਸ਼ਾ ਸਮੀਖਿਆ ਕਰਦੇ ਰਹੀ, ਸਮੀਖਿਆ ਕਰੋ, ਅਤੇ ਜਦੋਂ ਪਿਛਲੇ ਸਵਾਲ ਅਤੇ ਜਵਾਬ ਨੂੰ ਯਾਦ ਕਰ ਲਿਆ ਹੈ ਤਦ ਹੌਲੀ-ਹੌਲੀ ਹੋਰ ਸਵਾਲਾਂ ਨੂੰ ਜੋੜਦੇ ਜਾਓ।

ਜਦੋਂ ਸਵਾਲਾਂ ਦੇ ਇੱਕ ਪੂਰੇ ਭਾਗ ਨੂੰ ਇਕੱਠੇ ਬੋਲਿਆ ਜਾ ਸਕਦਾ ਹੈ, ਤਾਂ ਸਵਾਲਾਂ ਨੂੰ ਲੰਬੇ ਸਮੇਂ ਲਈ ਯਾਦ ਰੱਖਣ ਵਾਸਤੇ ਹਫਤੇ ਵਿੱਚ ਇੱਕ ਵਾਰ ਪੂਰੇ ਭਾਗ ਨੂੰ ਦੁਹਰਾਓ।

**ਹੌਲੀ-ਹੌਲੀ ਨਵੀਆਂ ਚੀਜ਼ਾਂ ਨੂੰ ਜੋੜਦੇ ਜਾਓ** ਅਤੇ **ਦੁਹਰਾਉਣਾ ਜਾਰੀ ਰੱਖੋ** – ਇਹ ਤਰੀਕੇ ਉਨ੍ਹਾਂ ਵਿਦਿਆਰਥੀਆਂ ਦੇ ਵਿਚਕਾਰ ਅਦਭੁਤ ਨਤੀਜੇ ਪੈਦਾ

ਕਰਨਗੇ ਜੋ ਇੱਕ ਪਸੰਦੀਦਾ ਸਿੱਖਿਅਕ, ਦੋਸਤ, ਜਾਂ ਪਿਤਾ/ਮਾਤਾ ਦੀ ਅਗਵਾਈ ਦਾ ਅਨੁਸਰਣ ਕਰਨ ਵਿੱਚ ਥੋੜ੍ਹਾ ਸਮਾਂ ਹੀ ਬਿਤਾਉਂਦੇ ਹਨ। ਸਿੱਖਿਆ ਦੇ ਸ਼ੈਸ਼ਨ ਨੂੰ ਮਜ਼ੇਦਾਰ ਬਣਾਓ ਅਤੇ ਵਿਦਿਆਰਥੀ ਦੀ ਸਫ਼ਲਤਾ ਦਾ ਜਸ਼ਨ ਮਨਾਓ।

ਤੁਸੀਂ ਰੋਜ਼ਾਨ ਦੀ ਪਰਿਵਾਰਕ ਅਰਾਧਨਾ ਦੇ ਇੱਕ ਹਿੱਸੇ ਵਜੋਂ ਸਵਾਲਾਂ ਅਤੇ ਜਵਾਬਾਂ ਨੂੰ ਇਸ ਵਿੱਚ ਜੋੜ ਸਕਦੇ ਹੋ। ਤੁਸੀਂ ਉਨ੍ਹਾਂ ਦੀ ਵਰਤੋਂ ਬੱਚਿਆਂ ਦੀ ਕਲੀਸਿਯਾ ਸਭਾਵਾਂ ਵਿੱਚ ਕਰ ਸਕਦੇ ਹੋ, ਬੱਚਿਆਂ ਦੇ ਸਮੂਹਾਂ ਵਿੱਚ ਮੁਕਾਬਲਾ ਕਰਾਉਂਦੇ ਹੋਏ। ਤੁਸੀਂ ਵਿਦਿਆਰਥੀਆਂ ਦੀ ਸਮਝਣ ਵਿੱਚ ਮਦਦ ਕਰਨ ਲਈ ਹੋਰ ਵਿਆਖਿਆਵਾਂ ਅਤੇ ਉਦਾਹਰਣਾਂ ਨੂੰ ਵਿਕਸਤ ਕਰ ਸਕਦੇ ਹੋ।

## ਇੱਕ ਪਰਿਵਾਰਕ ਅਰਾਧਨਾ ਯੋਜਨਾ

ਇਕੱਠੇ ਪਰਿਵਾਰਕ ਅਰਾਧਨਾ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਇਹ ਅਰਾਧਨਾ ਦਾ ਇੱਕ ਸੰਭਾਵੀ ਕ੍ਰਮ ਹੈ ਜਿਸ ਵਿੱਚ ਇਨ੍ਹਾਂ ਸਾਧਨਾਂ ਨੂੰ ਵਰਤਿਆ ਜਾ ਸਕਦਾ ਹੈ:

1. ਇੱਕ ਭਜਨ ਗਾਓ।
2. **ਰਸੂਲਾਂ ਦਾ ਵਿਸ਼ਵਾਸ ਕਥਨ** ਬੋਲੋ।
3. **ਸਵਾਲਾਂ ਅਤੇ ਜਵਾਬਾਂ** ਦੇ ਇੱਕ ਭਾਗ ਨੂੰ ਯਾਦ ਕਰੋ।
4. ਬਾਈਬਲ ਵਿੱਚੋਂ ਇੱਕ ਅਧਿਆਏ ਜਾਂ ਇੱਕ ਭਾਗ ਪੜ੍ਹੋ। (ਮੱਤੀ, ਮਰਕੁਸ, ਲੂਕਾ, ਅਤੇ ਯੂਹੰਨਾ ਦੀ ਇੰਜੀਲ ਤੋਂ ਪੜ੍ਹਨਾ ਸ਼ੁਰੂ ਕਰੋ)
5. ਮਿਲਕੇ ਪ੍ਰਾਰਥਨਾ ਕਰੋ। ਪ੍ਰਾਰਥਨਾ ਤੋਂ ਪਹਿਲਾਂ, ਪਰਿਵਾਰ ਦੇ ਮੈਂਬਰਾਂ ਤੋਂ ਪੁੱਛੋ ਕਿ ਉਹ ਕਿਸ ਚੀਜ਼ ਲਈ ਪ੍ਰਾਰਥਨਾ ਕਰਾਉਣਾ ਚਾਹੁੰਦੇ ਹਨ। (ਤੁਸੀਂ ਆਖ ਸਕਦੇ ਹੋ, “ਅਸੀਂ ਤੁਹਾਡੇ ਲਈ ਕਿਵੇਂ ਪ੍ਰਾਰਥਨਾ ਕਰ ਸਕਦੇ ਹਾਂ?” ਅਤੇ “ਅਸੀਂ ਦੂਸਰਿਆਂ ਲਈ ਕਿਵੇਂ ਪ੍ਰਾਰਥਨਾ ਕਰ ਸਕਦੇ ਹਾਂ?”)
6. **ਪ੍ਰਭੂ ਦੀ ਪ੍ਰਾਰਥਨਾ** ਦੇ ਨਾਲ ਸਮਾਪਤ ਕਰੋ।

# ਸਾਧਨ 1
# ਛੋਟੇ ਬੱਚਿਆਂ ਲਈ ਸਵਾਲ ਅਤੇ ਜਵਾਬ

## ਪਹਿਲੇ ਸਵਾਲ

1. ਮੰਮੀ ਅਤੇ ਡੈਡੀ ਤੋਂ ਜ਼ਿਆਦਾ ਤੁਹਾਨੂੰ ਕੌਣ ਪਿਆਰ ਕਰਦਾ ਹੈ?
   ਜਵਾਬ: ਪਰਮੇਸ਼ੁਰ

2. ਪਰਮੇਸ਼ੁਰ ਨੇ ਤੁਹਾਨੂੰ ਕਿਉਂ ਬਣਾਇਆ ਹੈ?
   ਜਵਾਬ: ਖੁਸ਼ ਰਹਿਣ ਲਈ

3. ਤੁਸੀਂ ਕਿਵੇਂ ਖੁਸ਼ ਰਹਿ ਸਕਦੇ ਹੋ?
   ਜਵਾਬ: ਪਰਮੇਸ਼ੁਰ ਨੂੰ ਪਿਆਰ ਕਰਨ ਦੁਆਰਾ

4. ਕੀ ਕੁਝ ਹੋਰ ਹੈ ਜੋ ਤੁਹਾਨੂੰ ਹਮੇਸ਼ਾ ਲਈ ਖੁਸ਼ ਰੱਖ ਸਕਦਾ ਹੈ?
   ਜਵਾਬ: ਨਹੀਂ

## ਪਰਮੇਸ਼ੁਰ

5. ਕਿੰਨੇ ਪਰਮੇਸ਼ੁਰ ਹਨ?
   ਜਵਾਬ: ਇੱਕ

6. ਪਰਮੇਸ਼ੁਰ ਵਿੱਚ ਕਿੰਨੇ ਵਿਅਕਤੀਤਵ ਹਨ?
ਜਵਾਬ: ਤਿੰਨ

7. ਪਰਮੇਸ਼ੁਰ ਵਿੱਚ ਪਹਿਲਾ ਵਿਅਕਤੀਤਵ ਕਿਹੜਾ ਹੈ?
ਜਵਾਬ: ਪਿਤਾ

8. ਪਰਮੇਸ਼ੁਰ ਵਿੱਚ ਦੂਸਰਾ ਵਿਅਕਤੀਤਵ ਕਿਹੜਾ ਹੈ?
ਜਵਾਬ: ਪੁੱਤਰ

9. ਪਰਮੇਸ਼ੁਰ ਵਿੱਚ ਤੀਸਰਾ ਵਿਅਕਤੀਤਵ ਕਿਹੜਾ ਹੈ?
ਜਵਾਬ: ਪਵਿੱਤਰ ਆਤਮਾ

## ਸ੍ਰਿਸ਼ਟੀ

10. ਸਾਰੀਆਂ ਚੀਜ਼ਾਂ ਕਿਸ ਨੇ ਬਣਾਈਆਂ?
ਜਵਾਬ: ਪਿਤਾ ਪਰਮੇਸ਼ੁਰ ਨੇ

11. ਕਿਸ ਦੁਆਰਾ ਪਰਮੇਸ਼ੁਰ ਨੇ ਸਾਰੀਆਂ ਚੀਜ਼ਾਂ ਬਣਾਈਆਂ
ਜਵਾਬ: ਪੁੱਤਰ ਅਤੇ ਆਤਮਾ ਦੁਆਰਾ

12. ਕਿਵੇਂ ਪਰਮੇਸ਼ੁਰ ਸਾਰੀਆਂ ਚੀਜ਼ਾਂ ਬਣਾਉਣ ਦੇ ਯੋਗ ਹੈ?
ਜਵਾਬ: ਉਹ ਸਰਬਸ਼ਕਤੀਮਾਨ ਹੈ।

## ਮਨੁੱਖਤਾ

13. ਪਰਮੇਸ਼ੁਰ ਨੇ ਤੁਹਾਨੂੰ ਕਿਵੇਂ ਬਣਾਇਆ?

    ਜਵਾਬ: ਆਪਣੇ ਸਰੂਪ 'ਤੇ

14. ਇਹ ਤੁਹਾਨੂੰ ਕਿਵੇਂ ਦਿਲਾਸਾ ਦਿੰਦਾ ਹੈ?

    ਜਵਾਬ: ਮੈਂ ਪਰਮੇਸ਼ੁਰ ਲਈ ਮਹੱਤਵਪੂਰਣ ਹਾਂ।

15. ਕਿਉਂਕਿ ਹਰ ਕੋਈ ਪਰਮੇਸ਼ੁਰ ਦੇ ਸਰੂਪ 'ਤੇ ਬਣਾਇਆ ਗਿਆ ਹੈ, ਸਾਨੂੰ ਉਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਚਾਹੀਦਾ ਹੈ?

    ਜਵਾਬ: ਦਿਆਲਗੀ ਅਤੇ ਆਦਰ ਭਰਿਆ

## ਪਾਪ

16. ਪਹਿਲੇ ਪੁਰਸ਼ ਅਤੇ ਇਸਤਰੀ ਕੌਣ ਸਨ?

    ਜਵਾਬ: ਆਦਮ ਅਤੇ ਹੱਵਾਹ

17. ਆਦਮ ਅਤੇ ਹੱਵਾਹ ਨੇ ਕੀ ਕੀਤਾ ਸੀ?

    ਜਵਾਬ: ਉਨ੍ਹਾਂ ਨੇ ਪਾਪ ਕੀਤਾ ਸੀ।

18. ਪਾਪ ਕੀ ਹੈ?

    ਜਵਾਬ: ਪਰਮੇਸ਼ੁਰ ਦੀ ਅਵੱਗਿਆ ਕਰਨਾ

19. ਪਾਪ ਦਾ ਨਤੀਜਾ ਕੀ ਹੈ?

    ਜਵਾਬ: ਮੌਤ

## ਦੇਹਧਾਰਨਾ

20. ਸਾਨੂੰ ਪਾਪ ਅਤੇ ਮੌਤ ਤੋਂ ਬਚਾਉਣ ਲਈ ਪਰਮੇਸ਼ੁਰ ਨੇ ਕਿਸ ਨੂੰ ਭੇਜਿਆ?

    ਜਵਾਬ: ਆਪਣੇ ਇਕਲੌਤੇ ਪੁੱਤਰ ਨੂੰ

21. ਪਰਮੇਸ਼ੁਰ ਦਾ ਪੁੱਤਰ ਕੌਣ ਹੈ?

    ਜਵਾਬ: ਯਿਸੂ ਮਸੀਹ

22. ਯਿਸੂ ਦੀ ਮਾਤਾ ਕੌਣ ਸੀ?

    ਜਵਾਬ: ਕੁਆਰੀ ਮਰਿਯਮ

23. ਮਰਿਯਮ ਨੂੰ ਕਿਸ ਨੇ ਬੱਚਾ ਯਿਸੂ ਦਿੱਤਾ?

    ਜਵਾਬ: ਪਵਿੱਤਰ ਆਤਮਾ ਨੇ

## ਪ੍ਰਾਸਚਿਤ

24. ਯਿਸੂ ਕਿਵੇਂ ਮਰਿਆ?

    ਜਵਾਬ: ਉਸ ਨੂੰ ਸਲੀਬ ਉੱਤੇ ਚੜ੍ਹਾਇਆ ਗਿਆ ਸੀ।

25. ਯਿਸੂ ਕਿਉਂ ਮਰਿਆ ਸੀ?

    ਜਵਾਬ: ਸਾਡੇ ਪਾਪਾਂ ਲਈ

26. ਤੀਸਰੇ ਦਿਨ ਕੀ ਹੋਇਆ ਸੀ?

    ਜਵਾਬ: ਉਹ ਦੁਬਾਰਾ ਜੀ ਉੱਠਿਆ।

27. ਕਿਉਂਕਿ ਯਿਸੂ ਮਰਿਆ ਅਤੇ ਫਿਰ ਜੀ ਉੱਠਿਆ, ਤਾਂ ਅਸੀਂ ਕੀ ਵਿਸ਼ਵਾਸ ਕਰਦੇ ਹਾਂ?
ਜਵਾਬ: ਉਹ ਪ੍ਰਭੂ ਹੈ।

## ਮੁਕਤੀ

28. ਯਿਸੂ ਕਿੱਥੇ ਚਲਾ ਗਿਆ ਹੈ?
ਜਵਾਬ: ਸਵਰਗ ਵਿੱਚ ਆਪਣੇ ਪਿਤਾ ਕੋਲ

29. ਯਿਸੂ ਹੁਣ ਕੀ ਕਰ ਰਿਹਾ ਹੈ?
ਜਵਾਬ: ਰਾਜਾ ਦੇ ਰੂਪ ਵਿੱਚ ਰਾਜ ਕਰ ਰਿਹਾ ਹੈ

30. ਯਿਸੂ ਦੁਬਾਰਾ ਕਿਉਂ ਆ ਰਿਹਾ ਹੈ?
ਜਵਾਬ: ਹਰੇਕ ਦਾ ਨਿਆਂ ਕਰਨ ਲਈ

31. ਬਚਾਏ ਜਾਣ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ?
ਜਵਾਬ: ਯਿਸੂ ਉੱਤੇ ਵਿਸ਼ਵਾਸ

32. ਜੇ ਤੁਸੀਂ ਪਾਪ ਕਰਦੇ ਹੋ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?
ਜਵਾਬ: ਪਰਮੇਸ਼ੁਰ ਤੋਂ ਮਾਫ਼ੀ ਮੰਗੋ।

## ਪਵਿੱਤਰ ਆਤਮਾ ਅਤੇ ਕਲੀਸਿਯਾ

33. ਸਾਨੂੰ ਬਚਾਉਣ ਲਈ ਪਰਮੇਸ਼ੁਰ ਨੇ ਹੋਰ ਕਿਸ ਨੂੰ ਭੇਜਿਆ ਹੈ?
ਜਵਾਬ: ਪਵਿੱਤਰ ਆਤਮਾ ਨੂੰ

34. ਪਵਿੱਤਰ ਆਤਮਾ ਤੁਹਾਡੇ ਲਈ ਕੀ ਕਰਦਾ ਹੈ?

ਜਵਾਬ: ਉਹ ਮੇਰੀ ਮਦਦ ਕਰਦਾ ਹੈ।

35. ਪਵਿੱਤਰ ਆਤਮਾ ਤੁਹਾਡੀ ਮਦਦ ਕਿਵੇਂ ਕਰਦਾ ਹੈ?

ਜਵਾਬ: ਕਲੀਸਿਯਾ ਦੇ ਰਾਹੀਂ

36. ਕਲੀਸਿਯਾ ਕੀ ਹੈ?

ਜਵਾਬ: ਪਰਮੇਸ਼ੁਰ ਦਾ ਪਰਿਵਾਰ

37. ਤੁਸੀਂ ਕਲੀਸਿਯਾ ਵਿੱਚ ਕਿਵੇਂ ਸ਼ਾਮਲ ਹੁੰਦੇ ਹੋ?

ਜਵਾਬ: ਬਪਤਿਸਮਾ ਲੈਣ ਦੁਆਰਾ

## ਦਿਲਾਸਾ

38. ਕੀ ਤੁਹਾਨੂੰ ਡਰਨ ਦੀ ਲੋੜ ਹੈ?

ਜਵਾਬ: ਨਹੀਂ

39. ਤੁਹਾਨੂੰ ਕਿਉਂ ਡਰਨ ਦੀ ਲੋੜ ਨਹੀਂ ਹੈ?

ਜਵਾਬ: ਪਰਮੇਸ਼ੁਰ ਮੇਰੇ ਨਾਲ ਹੈ।

40. ਕੀ ਤੁਸੀਂ ਪਰਮੇਸ਼ੁਰ ਨੂੰ ਵੇਖ ਸਕਦੇ ਹੋ?

ਜਵਾਬ: ਨਹੀਂ

41. ਕੀ ਪਰਮੇਸ਼ੁਰ ਤੁਹਾਨੂੰ ਵੇਖ ਸਕਦਾ ਹੈ?

ਜਵਾਬ: ਹਾਂ

## ਪਵਿੱਤਰੀਕਰਣ

42. ਪਰਮੇਸ਼ੁਰ ਕੀ ਚਾਹੁੰਦਾ ਹੈ ਕਿ ਤੁਸੀਂ ਕਿਸ ਵਰਗੇ ਬਣੋ?

    ਜਵਾਬ: ਯਿਸੂ ਵਰਗੇ

43. ਪਹਿਲੇ ਚਾਰ ਹੁਕਮਾਂ ਵਿੱਚ ਤੁਹਾਡੇ ਲਈ ਪਰਮੇਸ਼ੁਰ ਦੀ ਕੀ ਇੱਛਾ ਹੈ?

    ਜਵਾਬ: ਪਰਮੇਸ਼ੁਰ ਨੂੰ ਪਿਆਰ ਕਰਨਾ

44. ਆਖਰੀ ਛੇ ਹੁਕਮਾਂ ਵਿੱਚ ਤੁਹਾਡੇ ਲਈ ਪਰਮੇਸ਼ੁਰ ਦੀ ਕੀ ਇੱਛਾ ਹੈ?

    ਜਵਾਬ: ਮੇਰੇ ਗੁਆਂਢੀ ਨੂੰ ਪਿਆਰ ਕਰਨਾ

45. ਪਰਮੇਸ਼ੁਰ ਕੀ ਚਾਹੁੰਦਾ ਹੈ ਕਿ ਤੁਸੀਂ ਕਿਸ ਦੀ ਗੱਲ ਮੰਨੋ?

    ਜਵਾਬ: ਮੰਮੀ ਅਤੇ ਡੈਡੀ ਦੀ

46. ਪ੍ਰਾਰਥਨਾ ਕੀ ਹੈ?

    ਜਵਾਬ: ਪਰਮੇਸ਼ੁਰ ਦੇ ਨਾਲ ਗੱਲ ਕਰਨਾ

47. ਯਿਸੂ ਸਾਨੂੰ ਕਿਹੜੀ ਪ੍ਰਾਰਥਨਾ ਕਰਨਾ ਸਿਖਾਉਂਦਾ ਹੈ?

    ਜਵਾਬ: ਪ੍ਰਭੂ ਦੀ ਪ੍ਰਾਰਥਨਾ

48. ਪਰਮੇਸ਼ੁਰ ਤੁਹਾਡੇ ਨਾਲ ਕਿਵੇਂ ਗੱਲ ਕਰਦਾ ਹੈ?

    ਜਵਾਬ: ਬਾਈਬਲ ਦੇ ਰਾਹੀਂ

49. ਬਾਈਬਲ ਕੀ ਹੈ?

ਜਵਾਬ: ਪਰਮੇਸ਼ੁਰ ਦਾ ਵਚਨ

## ਆਖਰੀ ਗੱਲਾਂ

50. ਪਰਮੇਸ਼ੁਰ ਕੀ ਨਵਾਂ ਬਣਾ ਰਿਹਾ ਹੈ?

ਜਵਾਬ: ਸਾਰੀਆਂ ਚੀਜ਼ਾਂ ਨੂੰ

51. ਪਰਮੇਸ਼ੁਰ ਮੁਰਦਿਆਂ ਦੇ ਵਿੱਚੋਂ ਕੀ ਉਠਾਵੇਗਾ?

ਜਵਾਬ: ਸਾਡੀਆਂ ਦੇਹੀਆਂ ਨੂੰ

52. ਉਹ ਕੀ ਹੈ ਜਿਸ ਦਾ ਅਸੀਂ ਹੁਣ ਅਨੰਦ ਮਾਣਦੇ ਹਾਂ ਅਤੇ ਭਵਿੱਖ ਵਿੱਚ ਅਨੰਦ ਮਾਣਨ ਦੀ ਉਮੀਦ ਰੱਖਦੇ ਹਾਂ?

ਜਵਾਬ: ਸਦੀਪਕ ਜੀਵਨ

## ਦਸ ਹੁਕਮ (ਸਰਲ ਭਾਸ਼ਾ ਵਿੱਚ)

ਮੈਂ ਤੁਹਾਡਾ ਪ੍ਰਭੂ ਪਰਮੇਸ਼ੁਰ ਹਾਂ, ਜਿਸ ਨੇ ਤੁਹਾਨੂੰ ਬਚਾਇਆ ਹੈ।

1. ਮੇਰੇ ਸਨਮੁੱਖ ਤੁਹਾਡੇ ਹੋਰ ਦੇਵਤੇ ਨਾ ਹੋਣ।
2. ਕੋਈ ਮੂਰਤੀ ਨਾ ਬਣਾਓ।
3. ਤੁਸੀਂ ਆਪਣੇ ਪ੍ਰਭੂ ਪਰਮੇਸ਼ੁਰ ਦਾ ਨਾਮ ਵਿਅਰਥ ਵਿੱਚ ਨਾ ਲਵੋ।
4. ਸਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਯਾਦ ਰੱਖੋ।
5. ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰੋ।
6. ਤੁਸੀਂ ਕਤਲ ਨਾ ਕਰੋ।
7. ਤੁਸੀਂ ਵਿਭਚਾਰ ਨਾ ਕਰੋ।
8. ਤੁਸੀਂ ਚੋਰੀ ਨਾ ਕਰੋ।
9. ਤੁਸੀਂ ਝੂਠ ਨਾ ਬੋਲੋ।
10. ਤੁਸੀਂ ਲਾਲਚ ਨਾ ਕਰੋ।

# ਸਾਧਨ 2

# ਬੱਚਿਆਂ ਲਈ ਸਵਾਲ ਅਤੇ ਜਵਾਬ

## ਬਾਈਬਲ ਬਾਰੇ ਸਵਾਲ

1. ਅਸੀਂ ਕਿੱਥੋਂ ਸਿੱਖਦੇ ਹਾਂ ਕਿ ਪਰਮੇਸ਼ੁਰ ਨੂੰ ਕਿਵੇਂ ਪਿਆਰ ਕਰਨਾ ਹੈ ਅਤੇ ਉਸ ਦੀ ਆਗਿਆ ਕਿਵੇਂ ਮੰਨਣੀ ਹੈ?
   ਜਵਾਬ: ਬਾਈਬਲ ਵਿੱਚੋਂ

2. ਬਾਈਬਲ ਕੀ ਹੈ?
   ਜਵਾਬ: ਪਰਮੇਸ਼ੁਰ ਦੁਆਰਾ ਪ੍ਰੇਰਿਤ 66 ਪੁਸਤਕਾਂ ਜੋ ਸਾਨੂੰ ਪਰਮੇਸ਼ੁਰ ਬਾਰੇ ਸਿਖਾਉਂਦੀਆਂ ਹਨ ਅਤੇ ਇਹ ਸਿਖਾਉਂਦੀਆਂ ਹਨ ਕਿ ਅਸੀਂ ਉਸ ਵਾਂਗ ਪਵਿੱਤਰ ਕਿਵੇਂ ਬਣ ਸਕਦੇ ਹਾਂ

3. ਬਾਈਬਲ ਨੂੰ ਕਿਸ ਨੇ ਲਿਖਿਆ ਹੈ?
   ਜਵਾਬ: 40 ਤੋਂ ਜ਼ਿਆਦਾ ਲੋਕਾਂ ਨੇ, ਜੋ 1,600 ਸਾਲਾਂ ਦੇ ਸਮੇਂ ਦੌਰਾਨ ਪਰਮੇਸ਼ੁਰ ਦੁਆਰਾ ਪ੍ਰੇਰਿਤ ਕੀਤੇ ਗਏ ਸਨ ਅਤੇ ਉਨ੍ਹਾਂ ਪਰਮੇਸ਼ੁਰ ਤੋਂ ਅਗਵਾਈ ਪ੍ਰਾਪਤ ਕੀਤੀ ਸੀ।

4. ਬਾਈਬਲ ਵਿਚਲੀਆਂ ਉਨ੍ਹਾਂ ਪੰਜ ਪੁਸਤਕਾਂ ਦੇ ਨਾਮ ਦੱਸੋ ਜਿਨ੍ਹਾਂ ਨੂੰ ਸ਼ਰਾ ਆਖਿਆ ਜਾਂਦਾ ਹੈ।
ਜਵਾਬ: ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾਸਾਰ।

5. ਸ਼ਰਾ ਦਾ ਸੰਦੇਸ਼ ਕੀ ਹੈ?
ਜਵਾਬ: ਪਰਮੇਸ਼ੁਰ ਪਵਿੱਤਰ ਹੈ, ਅਤੇ ਉਹ ਚਾਹੁੰਦਾ ਹੈ ਕਿ ਅਸੀਂ ਉਸ ਵਰਗੇ ਬਣੀਏ।

6. ਪੁਰਾਣੇ ਨੇਮ ਦੀਆਂ ਇਤਿਹਾਸਕ ਪੁਸਤਕਾਂ ਦੇ ਨਾਮ ਦੱਸੋ।
ਜਵਾਬ: ਯਹੋਸ਼ੁਆ, ਨਿਆਈਆਂ ਦੀ ਪੋਥੀ, ਰੂਥ, 1 ਅਤੇ 2 ਸਮੂਏਲ, 1 and 2 ਰਾਜਿਆਂ, 1 ਅਤੇ 2 ਇਤਿਹਾਸ, ਅਜ਼ਰਾ, ਨਹਮਯਾਹ, ਅਸਤਰ।

7. ਇਤਿਹਾਸਕ ਪੁਸਤਕਾਂ ਦਾ ਸੰਦੇਸ਼ ਕੀ ਹੈ?
ਜਵਾਬ: ਚੰਗੀਆਂ ਚੀਜ਼ਾਂ ਉਦੋਂ ਮਿਲਦੀਆਂ ਹਨ ਜਦੋਂ ਅਸੀਂ ਪੂਰੇ ਦਿਲ ਨਾਲ ਪਰਮੇਸ਼ੁਰ ਦੇ ਮਗਰ ਚੱਲਦੇ ਹਾਂ। ਬੁਰੀਆਂ ਚੀਜ਼ਾਂ ਉਦੋਂ ਮਿਲਦੀਆਂ ਹਨ ਜਦੋਂ ਅਸੀਂ ਅਜਿਹਾ ਨਹੀਂ ਕਰਦੇ ਹਾਂ।

8. ਪੁਰਾਣੇ ਨੇਮ ਵਿਚਲੀਆਂ ਕਾਵਿਕ ਪੁਸਤਕਾਂ ਦੇ ਨਾਮ ਦੱਸੋ।
ਜਵਾਬ: ਅੱਯੂਬ, ਜ਼ਬੂਰਾਂ ਦੀ ਪੋਥੀ, ਕਹਾਉਤਾਂ, ਉਪਦੇਸ਼ਕ ਦੀ ਪੋਥੀ, ਸਰੇਸ਼ਟ ਗੀਤ।

9. ਕਾਵਿਕ ਪੁਸਤਕਾਂ ਦਾ ਸੰਦੇਸ਼ ਕੀ ਹੈ?

ਜਵਾਬ: ਜਦੋਂ ਅਸੀਂ ਸਾਰੇ ਹਾਲਾਤਾਂ ਵਿੱਚ ਪਰਮੇਸ਼ੁਰ ਦੀ ਭਾਲ ਕਰਦੇ ਹਾਂ ਤਾਂ ਅਸੀਂ ਧੰਨ ਹੁੰਦੇ ਹਾਂ।

10. ਪੁਰਾਣੇ ਨੇਮ ਵਿਚਲੀਆਂ ਵੱਡੇ ਨਬੀਆਂ ਦੀਆਂ ਪੁਸਤਕਾਂ ਦੇ ਨਾਮ ਦੱਸੋ।

ਜਵਾਬ: ਯਸਾਯਾਹ, ਯਿਰਮਿਯਾਹ, ਯਿਰਮਿਯਾਹ ਦਾ ਵਿਰਲਾਪ, ਹਿਜ਼ਕੀਏਲ, ਦਾਨੀਏਲ ।

11. ਪੁਰਾਣੇ ਨੇਮ ਵਿਚਲੀਆਂ ਛੋਟੇ ਨਬੀਆਂ ਦੀਆਂ ਪੁਸਤਕਾਂ ਦੇ ਨਾਮ ਦੱਸੋ।

ਜਵਾਬ: ਹੋਸ਼ੇਆ, ਯੋਏਲ, ਆਮੋਸ, ਓਬਦਯਾਹ, ਯੂਨਾਹ, ਮੀਕਾਹ, ਨਹੂਮ, ਹਬੱਕੂਕ, ਸਫ਼ਨਯਾਹ, ਹੱਜਈ, ਜ਼ਕਰਯਾਹ, ਮਲਾਕੀ।

12. ਇਨ੍ਹਾਂ ਨੂੰ “ਛੋਟੇ” ਨਬੀ ਕਿਉਂ ਆਖਿਆ ਜਾਂਦਾ ਹੈ?

ਜਵਾਬ: ਇਹ ਵੱਡੇ ਨਬੀਆਂ ਦੇ ਨਾਲੋਂ ਛੋਟੀਆਂ ਪੁਸਤਕਾਂ ਹਨ।

13. ਨਬੀਆਂ ਦਾ ਸੰਦੇਸ਼ ਕੀ ਹੈ?

ਜਵਾਬ: ਪਰਮੇਸ਼ੁਰ ਦੀ ਸ਼ਰਾ ਅਤੇ ਉਸ ਦੇ ਪਿਆਰ ਵੱਲ ਵਾਪਸ ਮੁੜਨਾ।

14. ਨਵੇਂ ਨੇਮ ਵਿਚਲੀਆਂ ਇੰਜੀਲਾਂ ਦੇ ਨਾਮ ਦੱਸੋ।

ਜਵਾਬ: ਮੱਤੀ, ਮਰਕੁਸ, ਲੂਕਾ, ਅਤੇ ਯੂਹੰਨਾ ।

15. ਇੰਜੀਲਾਂ ਦਾ ਸੰਦੇਸ਼ ਕੀ ਹੈ?
ਜਵਾਬ: ਯਿਸੂ ਸਾਡੇ ਲਈ ਆਇਆ, ਜੀਵਿਆ, ਮਰ ਗਿਆ, ਅਤੇ ਫਿਰ ਜੀ ਉੱਠਿਆ।

16. ਉਸ ਪੁਸਤਕ ਦਾ ਨਾਮ ਦੱਸੋ ਜੋ ਯਿਸੂ ਦੇ ਜੀ ਉੱਠਣ ਤੋਂ ਬਾਅਦ ਪਹਿਲੀ ਸ਼ਤਾਬਦੀ ਦੀ ਕਲੀਸਿਯਾ ਦਾ ਇਤਿਹਾਸ ਦੱਸਦੀ ਹੈ।
ਜਵਾਬ: ਰਸੂਲਾਂ ਦੇ ਕਰਤੱਬ ।

17. ਰਸੂਲਾਂ ਦੇ ਕਰਤੱਬ ਦਾ ਸੰਦੇਸ਼ ਕੀ ਹੈ?
ਜਵਾਬ: ਪਵਿੱਤਰ ਆਤਮਾ ਕਲੀਸਿਯਾ ਦੇ ਵਿੱਚ ਆਇਆ, ਅਤੇ ਪਰਮੇਸ਼ੁਰ ਦਾ ਵਚਨ ਫੈਲਿਆ।

18. ਪੌਲੁਸ ਦੀਆਂ ਪੱਤ੍ਰੀਆਂ ਦੇ ਨਾਮ ਦੱਸੋ।
ਜਵਾਬ: ਰੋਮੀਆਂ ਨੂੰ, 1 ਅਤੇ 2 ਕੁਰਿੰਥੀਆਂ ਨੂੰ, ਗਲਾਤੀਆਂ ਨੂੰ, ਅਫ਼ਸੀਆਂ ਨੂੰ, ਫ਼ਿਲਿੱਪੀਆਂ ਨੂੰ, ਕੁਲੁੱਸੀਆਂ ਨੂੰ, 1 ਅਤੇ 2 ਥੱਸਲੁਨੀਕੀਆਂ ਨੂੰ, 1 ਅਤੇ 2 ਤਿਮੋਥਿਉਸ ਨੂੰ, ਤੀਤੁਸ ਨੂੰ, ਫਿਲੇਮੋਨ ਨੂੰ।

19. ਪੌਲੁਸ ਦੀਆਂ ਪੱਤ੍ਰੀਆਂ ਦਾ ਸੰਦੇਸ਼ ਕੀ ਹੈ?
ਜਵਾਬ: ਪਰਮੇਸ਼ੁਰ ਦੀ ਦਯਾ ਅਤੇ ਧਾਰਮਿਕਤਾ ਦੇ ਵਿੱਚ ਜੀਣਾ।

20. ਆਮ ਪੱਤ੍ਰੀਆਂ ਦੇ ਨਾਮ ਦੱਸੋ।
ਜਵਾਬ: ਇਬਰਾਨੀਆਂ ਨੂੰ, ਯਾਕੂਬ, 1 ਅਤੇ 2 ਪਤਰਸ, 1 ਅਤੇ 2 ਅਤੇ 3 ਯੂਹੰਨਾ, ਅਤੇ ਯਹੂਦਾਹ।

21. ਆਮ ਪੱਤ੍ਰੀਆਂ ਦਾ ਸੰਦੇਸ਼ ਕੀ ਹੈ?

ਜਵਾਬ:ਪਰਮੇਸ਼ੁਰ ਦੇ ਲੋਕਾਂ ਦੇ ਰੂਪ ਵਿੱਚ ਸੰਸਾਰ ਵਿੱਚ ਕਿਵੇਂ ਜੀਣਾ ਹੈ

22. ਬਾਈਬਲ ਦੀ ਆਖਰੀ ਪੁਸਤਕ ਦਾ ਨਾਮ ਦੱਸ।

ਜਵਾਬ: ਪਰਕਾਸ਼ ਦੀ ਪੋਥੀ।

23. ਪਰਕਾਸ਼ ਦੀ ਪੋਥੀ ਦਾ ਸੰਦੇਸ਼ ਕੀ ਹੈ?

ਜਵਾਬ: ਯਿਸੂ ਰਾਜਿਆਂ ਦਾ ਰਾਜਾ ਹੈ ਅਤੇ ਉਹ ਜਲਦ ਹੀ ਆਪਣੀ ਜੇਤੂ ਕਲੀਸਿਯਾ ਦੇ ਲਈ ਵਾਪਸ ਆ ਰਿਹਾ ਹੈ।

24. ਬਾਈਬਲ ਦੀਆਂ ਸਾਰੀਆਂ 66 ਪੁਸਤਕਾਂ ਦੇ ਨਾਮ ਦੱਸੋ।

ਜਵਾਬ:

ਪੁਰਾਣਾ ਨੇਮ

ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾਸਾਰ, ਯਹੋਸ਼ੁਆ, ਨਿਆਈਆਂ ਦੀ ਪੋਥੀ, ਰੂਥ, 1 ਅਤੇ 2 ਸਮੂਏਲ ਦੀ ਪੋਥੀ, 1 ਅਤੇ 2 ਰਾਜਿਆਂ ਦੀ ਪੋਥੀ, 1 and 2 ਇਤਿਹਾਸ,

ਅਜ਼ਰਾ, ਨਹਮਯਾਹ, ਅਸਤਰ,

ਅੱਯੂਬ, ਜ਼ਬੂਰਾਂ ਦੀ ਪੋਥੀ, ਕਹਾਉਤਾਂ, ਉਪਦੇਸ਼ਕ ਦੀ ਪੋਥੀ, ਸਰੇਸ਼ਟ ਗੀਤ,

ਯਸਾਯਾਹ, ਯਿਰਮਿਯਾਹ, ਯਿਰਮਿਯਾਹ ਦਾ ਵਿਰਲਾਪ, ਹਿਜ਼ਕੀਏਲ,

ਦਾਨੀਏਲ,

ਹੋਸ਼ੇਆ, ਯੋਏਲ, ਆਮੋਸ, ਓਬਦਯਾਹ, ਯੂਨਾਹ, ਮੀਕਾਹ, ਨਹੂਮ,

ਹਬੱਕੂਕ, ਸਫ਼ਨਯਾਹ, ਹੱਜਈ, ਜ਼ਕਰਯਾਹ, ਮਲਾਕੀ

ਨਵਾਂ ਨੇਮ

ਮੱਤੀ, ਮਰਕੁਸ, ਲੂਕਾ, ਯੂਹੰਨਾ, ਰਸੂਲਾਂ ਦੇ ਕਰਤੱਬ, ਰੋਮੀਆਂ ਨੂੰ, 1

ਅਤੇ 2 ਕੁਰਿੰਥੀਆਂ ਨੂੰ,

ਗਲਾਤੀਆਂ ਨੂੰ, ਅਫ਼ਸੀਆਂ ਨੂੰ, ਫ਼ਿਲਿੱਪੀਆਂ ਨੂੰ, ਕੁਲੁੱਸੀਆਂ ਨੂੰ,

1 ਅਤੇ 2 ਥੱਸਲੁਨੀਕੀਆਂ ਨੂੰ ਪੱਤ੍ਰੀ, 1 ਅਤੇ 2 ਤਿਮੋਥਿਉਸ ਨੂੰ ਪੱਤ੍ਰੀ,

ਤੀਤੁਸ ਨੂੰ,

ਫਿਲੇਮੋਨ ਨੂੰ, ਇਬਰਾਨੀਆਂ ਨੂੰ, ਯਾਕੂਬ, 1 ਅਤੇ 2 ਪਤਰਸ ਦੀ

ਪੱਤ੍ਰੀ,

1 ਅਤੇ 2 ਅਤੇ 3 ਯੂਹੰਨਾ, ਯਹੂਦਾਹ, ਪਰਕਾਸ਼ ਦੀ ਪੋਥੀ

25. ਪਰਮੇਸ਼ੁਰ ਦੁਆਰਾ ਪ੍ਰੇਰਿਤ 66 ਪੁਸਤਕਾਂ ਦਾ ਸੰਦੇਸ਼ ਕੀ ਹੈ?
ਜਵਾਬ: ਉਹ ਸਾਨੂੰ ਪਰਮੇਸ਼ੁਰ ਬਾਰੇ ਸਿਖਾਉਂਦੀਆਂ ਹਨ ਅਤੇ ਇਹ ਸਿਖਾਉਂਦੀਆਂ ਹਨ ਕਿ ਅਸੀਂ ਉਸ ਵਾਂਗ ਪਵਿੱਤਰ ਕਿਵੇਂ ਰਹਿ ਸਕਦੇ ਹਾਂ; ਅਸੀਂ ਕਿਵੇਂ ਛੁਡਾਏ ਜਾ ਸਕਦੇ ਹਾਂ ਅਤੇ ਕਿਵੇਂ ਯਿਸੂ ਮਸੀਹ ਦੇ ਸਰੂਪ ਵਿੱਚ ਬਦਲ ਸਕਦੇ ਹਾਂ।[2]

## ਦਸ ਹੁਕਮਾਂ ਬਾਰੇ ਸਵਾਲ

26. ਪਰਮੇਸ਼ੁਰ ਦਾ ਹੁਕਮ ਕੀ ਹੈ?
ਜਵਾਬ: ਇਸ ਦੀ ਤਸਵੀਰ ਕਿ ਪਰਮੇਸ਼ੁਰ ਕੌਣ ਹੈ ਅਤੇ ਉਸ ਬਾਰੇ ਇੱਕ ਵਾਅਦਾ ਜੋ ਅਸੀਂ ਬਣ ਸਕਦੇ ਹਾਂ।

27. ਦਸ ਹੁਕਮ ਬਾਈਬਲ ਦੇ ਵਿੱਚ ਕਿੱਥੇ ਹਨ?
ਜਵਾਬ: ਕੂਚ 20:1-17 ਵਿੱਚ

28. ਦਸ ਹੁਕਮ ਕੀ ਹਨ?
ਜਵਾਬ: ਜੋ ਹੁਕਮ ਸਿਨਾਈ ਪਹਾੜ ’ਤੇ ਪਰਮੇਸ਼ੁਰ ਦੇ ਲੋਕਾਂ ਨੂੰ ਦਿੱਤੇ ਗਏ ਸਨ

---

[2] "ਅਸੀਂ ਕਿਵੇਂ ਛੁਡਾਏ ਜਾ ਸਕਦੇ ਹਾਂ ਅਤੇ ਕਿਵੇਂ ਯਿਸੂ ਮਸੀਹ ਦੇ ਸਰੂਪ ਵਿੱਚ ਬਦਲ ਸਕਦੇ ਹਾਂ" ਇਹ ਵਾਕ ਮੂਲ ਜਵਾਬ ਵਿੱਚ ਇੱਕ ਵਾਧਾ ਹੈ।

29. ਦਸ ਹੁਕਮ ਕਿਸ ਨੇ ਦਿੱਤੇ ਸਨ?

ਜਵਾਬ: ਪਰਮੇਸ਼ੁਰ ਨੇ

30. ਦਸ ਹੁਕਮ ਕਿਸ ਨੇ ਪ੍ਰਾਪਤ ਕੀਤੇ ਸਨ?

ਜਵਾਬ: ਮੂਸਾ ਨੇ

31. ਪਹਿਲਾ ਹੁਕਮ "ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ" ਹੈ। ਇਸ ਹੁਕਮ ਦਾ ਕੀ ਅਰਥ ਹੈ?

ਜਵਾਬ: ਸਾਨੂੰ ਹਮੇਸ਼ਾ ਪਰਮੇਸ਼ੁਰ ਨੂੰ ਪਹਿਲਾ ਸਥਾਨ ਦੇਣਾ ਚਾਹੀਦਾ ਹੈ।

32. ਦੂਸਰਾ ਹੁਕਮ "ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ..." ਹੈ। ਇਸ ਹੁਕਮ ਦਾ ਕੀ ਅਰਥ ਹੈ?

ਜਵਾਬ: ਪਰਮੇਸ਼ੁਰ ਤੋਂ ਬਿਨਾ ਕਿਸੇ ਹੋਰ ਦੀ ਅਰਾਧਨਾ ਕਰਨੀ ਗਲਤ ਹੈ।

33. ਤੀਸਰਾ ਹੁਕਮ "ਤੂੰ ਯਹੋਵਾਹ ਆਪਣੇ ਪਰਮੇਸ਼ੁਰ ਦਾ ਨਾਮ ਵਿਅਰਥ ਨਾ ਲੈ..." ਹੈ। ਇਸ ਹੁਕਮ ਦਾ ਕੀ ਅਰਥ ਹੈ?

ਜਵਾਬ: ਸਾਨੂੰ ਪਰਮੇਸ਼ੁਰ ਦਾ ਜ਼ਿਕਰ ਬਹੁਤ ਹੀ ਆਦਰ ਦੇ ਨਾਲ ਕਰਨਾ ਚਾਹੀਦਾ ਹੈ।

34. ਚੌਥਾ ਹੁਕਮ "ਤੂੰ ਸਬਤ ਦੇ ਦਿਨ ਨੂੰ ਪਵਿੱਤ੍ਰ ਜਾਣ ਕੇ ਚੇਤੇ ਰੱਖ..." ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਐਤਵਾਰ ਨੂੰ ਸਾਨੂੰ ਪਰਮੇਸ਼ੁਰ ਦੀ ਅਰਾਧਨਾ ਕਰਨੀ ਚਾਹੀਦੀ ਹੈ ਅਤੇ ਅਰਾਮ ਕਰਨਾ ਚਾਹੀਦਾ ਹੈ।

35. ਪੰਜਵਾਂ ਹੁਕਮ "ਤੂੰ ਆਪਣੇ ਪਿਤਾ ਅਰ ਮਾਤਾ ਦਾ ਆਦਰ ਕਰ..." ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਸਾਨੂੰ ਆਪਣੇ ਮਾਪਿਆਂ ਨੂੰ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਗੱਲ ਮੰਨਣੀ ਚਾਹੀਦੀ ਹੈ।

36. ਛੇਵਾਂ ਹੁਕਮ "ਤੂੰ ਖ਼ੂਨ ਨਾ ਕਰ" ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਸਾਨੂੰ ਦੂਸਰੇ ਲੋਕਾਂ ਦਾ ਕਤਲ ਨਹੀਂ ਕਰਨਾ ਚਾਹੀਦਾ।

37. ਸੱਤਵਾਂ ਹੁਕਮ "ਤੂੰ ਜ਼ਨਾਹ ਨਾ ਕਰ" ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਲਿੰਗਕ ਸੰਬੰਧ ਕੇਵਲ ਵਿਆਹੁਤਾ ਰਿਸ਼ਤੇ ਦੇ ਲਈ ਹੀ ਹਨ।

38. ਅੱਠਵਾਂ ਹੁਕਮ "ਤੂੰ ਚੋਰੀ ਨਾ ਕਰ" ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਸਾਨੂੰ ਉਹ ਚੀਜ਼ਾਂ ਨਹੀਂ ਲੈਣੀਆਂ ਚਾਹੀਦੀਆਂ ਜੋ ਸਾਡੀਆਂ ਨਹੀਂ ਹਨ।

39. ਨੌਵਾਂ ਹੁਕਮ "ਤੂੰ ਆਪਣੇ ਗਵਾਂਢੀ ਉੱਤੇ ਝੂਠੀ ਗਵਾਹੀ ਨਾ ਦੇਹ" ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਸਾਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ।

40. ਦਸਵਾਂ ਹੁਕਮ "ਤੂੰ...ਲਾਲਸਾ ਨਾ ਕਰ" ਹੈ। ਇਸ ਹੁਕਮ ਦਾ ਕੀ ਅਰਥ ਹੈ?
ਜਵਾਬ: ਸਾਨੂੰ ਉਨ੍ਹਾਂ ਚੀਜ਼ਾਂ ਦੇ ਵਿੱਚ ਸੰਤੁਸ਼ਟ ਰਹਿਣਾ ਚਾਹੀਦਾ ਹੈ ਜੋ ਪਰਮੇਸ਼ੁਰ ਨੇ ਸਾਨੂੰ ਦਿੱਤੀਆਂ ਹਨ।

41. ਯਿਸੂ ਕੀ ਆਖਦਾ ਹੈ ਕਿ ਕਿਹੜੇ ਦੋ ਹੁਕਮ ਸਭ ਤੋਂ ਵੱਡੇ ਹਨ?
ਜਵਾਬ: "ਅਰ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਪਿਆਰ ਕਰ ਦੂਆ ਇਹ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ।"

42. ਇਹ ਸਾਰੇ ਹੁਕਮ ਸਾਡੇ ਲਈ ਮਹੱਤਵਪੂਰਣ ਕਿਉਂ ਹਨ?
ਜਵਾਬ: ਇਹ ਹੁਕਮ ਉਸ ਜੀਵਨ ਦਾ ਵਰਣਨ ਕਰਦੇ ਹਨ ਜੋ ਜੀਵਨ ਸਾਡਾ ਪਵਿੱਤਰ ਪਰਮੇਸ਼ੁਰ ਸਾਡੇ ਲਈ ਚਾਹੁੰਦਾ ਹੈ।

ਵਾਧੂ ਸਵਾਲ: ਜਿਵੇਂ ਕੂਚ 20:1-17 ਵਿੱਚ ਦਿੱਤਾ ਗਿਆ ਹੈ, ਦਸ ਹੁਕਮਾਂ ਦੇ ਪੂਰੇ ਪਾਠ ਦਾ ਹਵਾਲਾ ਦਿਓ।

## ਪ੍ਰਭੂ ਦੀ ਪ੍ਰਾਰਥਨਾ ਬਾਰੇ ਸਵਾਲ

43. ਸਭ ਤੋਂ ਪਹਿਲਾਂ ਪ੍ਰਭੂ ਦੀ ਪ੍ਰਾਰਥਨਾ ਕਿਸ ਨੇ ਕੀਤੀ ਸੀ?
ਜਵਾਬ: ਯਿਸੂ ਨੇ, ਜਦੋਂ ਉਸ ਨੇ ਆਪਣੇ ਬਾਰ੍ਹਾਂ ਚੇਲਿਆਂ ਨੂੰ ਪ੍ਰਾਰਥਨਾ ਕਰਨੀ ਸਿਖਾਈ ਸੀ।

44. ਪ੍ਰਭੂ ਦੀ ਪ੍ਰਾਰਥਨਾ ਬਾਈਬਲ ਵਿੱਚ ਕਿੱਥੇ ਹੈ?
ਜਵਾਬ: ਮੱਤੀ 6:9-13 ਵਿੱਚ

45. ਪ੍ਰਭੂ ਦੀ ਪ੍ਰਾਰਥਨਾ ਦੇ ਕੀ ਸ਼ਬਦ ਹਨ?
ਜਵਾਬ:

ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ,ਤੇਰਾ ਨਾਮ ਪਾਕ ਮੰਨਿਆ ਜਾਵੇ।
ਤੇਰਾ ਰਾਜ ਆਵੇ। ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।
ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ।
ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ,ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ।
ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ,ਸਗੋਂ ਬੁਰਿਆਈ ਤੋਂ ਬਚਾ।
ਕਿਉਂਕਿ ਰਾਜ, ਸ਼ਕਤੀ ਅਤੇ ਮਹਿਮਾ ਹਮੇਸ਼ਾ ਹਮੇਸ਼ਾ ਲਈ ਤੇਰੀ ਹੈ। ਆਮੀਨ।

46. ਇਸ ਦਾ ਕੀ ਅਰਥ ਹੈ: “ਤੇਰਾ ਨਾਮ ਪਾਕ ਮੰਨਿਆ ਜਾਵੇ।”
ਜਵਾਬ: ਅਸੀਂ ਸਾਡੇ ਪਰਮੇਸ਼ੁਰ ਦਾ ਆਦਰ ਕਰਨਾ ਚਾਹੁੰਦੇ ਹਾਂ ਅਤੇ ਉਸ ਨੂੰ ਪਿਆਰ ਕਰਨਾ ਚਾਹੁੰਦੇ ਹਾਂ।

47. ਇਸ ਦਾ ਕੀ ਅਰਥ ਹੈ: “ਤੇਰਾ ਰਾਜ ਆਵੇ।”
ਜਵਾਬ: ਪਰਮੇਸ਼ੁਰ ਸਾਡਾ ਰਾਜਾ ਹੈ। ਅਸੀਂ ਚਾਹੁੰਦੇ ਹਾਂ ਕਿ ਸੰਸਾਰ ਵਿੱਚ ਹਰੇਕ ਉਸ ਨੂੰ ਰਾਜਾ ਦੇ ਰੂਪ ਵਿੱਚ ਜਾਣੇ।

48. ਇਸ ਦਾ ਕੀ ਅਰਥ ਹੈ: “ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ।”
ਜਵਾਬ: ਅਸੀਂ ਉਹ ਹਰੇਕ ਚੀਜ਼ ਚਾਹੁੰਦੇ ਹਾਂ ਜੋ ਪਰਮੇਸ਼ੁਰ ਚਾਹੁੰਦਾ ਹੈ।

49. ਇਸ ਦਾ ਕੀ ਅਰਥ ਹੈ: “ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ।”
ਜਵਾਬ: ਅਸੀਂ ਸਾਡੀਆਂ ਲੋੜਾਂ ਦੀ ਪੂਰਤੀ ਲਈ ਪਰਮੇਸ਼ੁਰ ਅੱਗੇ ਬੇਨਤੀ ਕਰਦੇ ਹਾਂ।

50. ਇਸ ਦਾ ਕੀ ਅਰਥ ਹੈ: “ਸਾਡੇ ਕਰਜ਼ ਸਾਨੂੰ ਮਾਫ਼ ਕਰ,ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ।”
ਜਵਾਬ: ਅਸੀਂ ਪਰਮੇਸ਼ੁਰ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਮਾਫ਼ ਕਰੇ ਜਿਵੇਂ ਅਸੀਂ ਦੂਸਰਿਆਂ ਨੂੰ ਮਾਫ਼ ਕਰਦੇ ਹਾਂ।

51. ਇਸ ਦਾ ਕੀ ਅਰਥ ਹੈ: "ਸਾਨੂੰ ਪਰਤਾਵੇ ਵਿੱਚ ਨਾ ਲਿਆ,ਸਗੋਂ ਬੁਰਿਆਈ ਤੋਂ ਬਚਾ।"

ਜਵਾਬ: ਅਸੀਂ ਪਰਮੇਸ਼ੁਰ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਸਾਰੇ ਪਾਪ ਤੋਂ ਬਚਾਵੇ।

52. ਇਸ ਦਾ ਕੀ ਅਰਥ ਹੈ: "ਕਿਉਂਕਿ ਰਾਜ, ਸ਼ਕਤੀ ਅਤੇ ਮਹਿਮਾ ਹਮੇਸ਼ਾ ਹਮੇਸ਼ਾ ਲਈ ਤੇਰੀ ਹੈ।"

ਜਵਾਬ: ਪਰਮੇਸ਼ੁਰ ਸਰਬਸ਼ਕਤੀਮਾਨ ਪਰਮੇਸ਼ੁਰ ਹੈ ਜੋ ਸਵਰਗ ਅਤੇ ਧਰਤੀ ਉੱਤੇ ਹਮੇਸ਼ਾ ਲਈ ਰਾਜ ਕਰਦਾ ਹੈ।

53. ਪਰਮੇਸ਼ੁਰ ਦੀ ਪ੍ਰਾਰਥਨਾ ਮਹੱਤਵਪੂਰਣ ਕਿਉਂ ਹੈ?

ਜਵਾਬ: ਇਹ ਸਾਡੀ ਮਦਦ ਕਰਦੀ ਹੈ ਕਿ ਅਸੀਂ ਪਰਮੇਸ਼ੁਰ ਵੱਲ ਆਪਣੇ ਪਵਿੱਤਰ ਪਿਤਾ ਦੇ ਰੂਪ ਵਿੱਚ ਧਿਆਨ ਕੇਂਦਰਿਤ ਕਰ ਸਕੀਏ।

## ਧੰਨ ਵਚਨਾਂ ਦੇ ਬਾਰੇ ਸਵਾਲ

54. ਧੰਨ ਵਚਨ ਕੀ ਹਨ?

ਜਵਾਬ: ਪਵਿੱਤਰ ਚਰਿੱਤਰ ਬਾਰੇ ਯਿਸੂ ਦੀ ਸਿੱਖਿਆ

55. ਧੰਨ ਵਚਨ ਕਿੱਥੇ ਪਾਏ ਜਾਂਦੇ ਹਨ?

ਜਵਾਬ: ਮੱਤੀ 5:3-10 ਵਿੱਚ

56. ਧੰਨ ਵਚਨ ਦੱਸੋ

ਜਵਾਬ:

ਧੰਨ ਓਹ ਜਿਹੜੇ ਦਿਲ ਦੇ ਗਰੀਬ ਹਨ
ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।

ਧੰਨ ਓਹ ਜਿਹੜੇ ਸੋਗ ਕਰਦੇ ਹਨ ਕਿਉਂ ਜੋ
ਓਹ ਸ਼ਾਂਤ ਕੀਤੇ ਜਾਣਗੇ।

ਧੰਨ ਓਹ ਜਿਹੜੇ ਹਲੀਮ ਹਨ ਕਿਉਂ ਜੋ
ਓਹ ਧਰਤੀ ਦੇ ਵਾਰਸ ਹੋਣਗੇ।

ਧੰਨ ਓਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ
ਓਹ ਰਜਾਏ ਜਾਣਗੇ।

ਧੰਨ ਓਹ ਜਿਹੜੇ ਦਯਾਵਾਨ ਹਨ ਕਿਉਂ ਜੋ
ਉਨ੍ਹਾਂ ਉੱਤੇ ਦਯਾ ਕੀਤੀ ਜਾਵੇਗੀ।

ਧੰਨ ਓਹ ਜਿਹੜੇ ਸ਼ੁੱਧਮਨ ਹਨ ਕਿਉਂ ਜੋ
ਓਹ ਪਰਮੇਸ਼ੁਰ ਨੂੰ ਵੇਖਣਗੇ।

ਧੰਨ ਓਹ ਜਿਹੜੇ ਮੇਲ ਕਰਾਉਣ ਵਾਲੇ ਹਨ ਕਿਉਂ ਜੋ
ਓਹ ਪਰਮੇਸ਼ੁਰ ਦੇ ਪੁੱਤ੍ਰ ਕਹਾਉਣਗੇ।

ਧੰਨ ਓਹ ਜਿਹੜੇ ਧਰਮ ਦੇ ਕਾਰਨ ਸਤਾਏ ਗਏ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।

57. ਦਿਲ ਦੇ ਗਰੀਬ ਹੋਣ ਦਾ ਕੀ ਅਰਥ ਹੈ?
ਜਵਾਬ: ਇਹ ਮੰਨਣਾ ਕਿ ਤੁਸੀਂ ਪਾਪ ਕੀਤਾ ਹੈ ਅਤੇ ਤੁਹਾਨੂੰ ਪਰਮੇਸ਼ੁਰ ਦੀ ਮਦਦ ਦੀ ਲੋੜ ਹੈ

58. ਸੋਗ ਕਰਨ ਦਾ ਕੀ ਅਰਥ ਹੈ?
ਜਵਾਬ: ਉਨ੍ਹਾਂ ਗੱਲਾਂ ਬਾਰੇ ਉਦਾਸ ਹੋਣਾ ਜੋ ਪਰਮੇਸ਼ੁਰ ਨੂੰ ਉਦਾਸ ਕਰਦੀਆਂ ਹਨ

59. ਹਲੀਮ ਹੋਣ ਦਾ ਕੀ ਅਰਥ ਹੈ?
ਜਵਾਬ: ਪਰਮੇਸ਼ੁਰ ਨੂੰ ਆਪਣੇ ਜੀਵਨ ਦਾ ਨਿਯੰਤਰਣ ਦੇਣਾ

60. ਧਰਮ ਦੇ ਭੁੱਖੇ ਤੇ ਤਿਹਾਏ ਹੋਣ ਦਾ ਕੀ ਅਰਥ ਹੈ?
ਜਵਾਬ: ਆਪਣੇ ਜੀਵਨ ਦੇ ਲਈ ਸੱਚਮੁੱਚ ਪਰਮੇਸ਼ੁਰ ਦੇ ਮਿਆਰਾਂ ਦੀ ਇੱਛਾ ਰੱਖਣਾ

61. ਦਯਾਵਾਨ ਹੋਣ ਦਾ ਕੀ ਅਰਥ ਹੈ?
ਜਵਾਬ: ਸਾਰੇ ਲੋਕਾਂ ਦੇ ਲਈ ਤਰਸਵਾਨ ਹੋਣਾ

62. ਸ਼ੁੱਧਮਨ ਹੋਣ ਦਾ ਕੀ ਅਰਥ ਹੈ?
ਜਵਾਬ: ਆਪਣੇ ਸਾਰੇ ਦਿਲ ਨਾਲ ਪਰਮੇਸ਼ੁਰ ਨੂੰ ਪਿਆਰ ਕਰਨਾ

63. ਮੇਲ ਕਰਾਉਣ ਵਾਲੇ ਹੋਣ ਦਾ ਕੀ ਅਰਥ ਹੈ?

ਜਵਾਬ: ਪਰਮੇਸ਼ੁਰ ਅਤੇ ਇੱਕ ਦੂਸਰੇ ਦੇ ਮਿੱਤਰ ਬਣਨ ਵਿੱਚ ਲੋਕਾਂ ਦੀ ਮਦਦ ਕਰਨਾ

64. ਧਰਮ ਦੇ ਕਾਰਨ ਸਤਾਏ ਜਾਣ ਦਾ ਕੀ ਅਰਥ ਹੈ?

ਜਵਾਬ: ਪਰਮੇਸ਼ੁਰ ਦੇ ਰਾਜ ਲਈ ਖੁਸ਼ੀ ਨਾਲ ਦੁੱਖ ਉਠਾਉਣਾ

## ਪਰਮੇਸ਼ੁਰ ਬਾਰੇ ਸਵਾਲ

65. ਕਿੰਨੇ ਪਰਮੇਸ਼ੁਰ ਹਨ?

ਜਵਾਬ: ਕੇਵਲ ਇੱਕੋ ਪਰਮੇਸ਼ੁਰ ਹੈ।

66. ਇੱਕ ਪਰਮੇਸ਼ੁਰ ਵਿੱਚ ਕਿੰਨੇ ਵਿਅਕਤੀਤਵ ਹਨ?

ਜਵਾਬ: ਤਿੰਨ – ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ, ਅਤੇ ਪਰਮੇਸ਼ੁਰ ਪਵਿੱਤਰ ਆਤਮਾ

67. ਕਿਹੜਾ ਸ਼ਬਦ ਪਰਮੇਸ਼ੁਰ ਦਾ ਉੱਤਮ ਵਰਣਨ ਹੈ?

ਜਵਾਬ: ਪਰਮੇਸ਼ੁਰ ਪਵਿੱਤਰ ਹੈ।

68. ਪਰਮੇਸ਼ੁਰ ਦੀ ਉਮਰ ਕਿੰਨੀ ਹੈ?

ਜਵਾਬ: ਪਰਮੇਸ਼ੁਰ ਸਦੀਪਕ ਹੈ। ਉਹ ਹਮੇਸ਼ਾ ਤੋਂ ਸੀ। ਉਹ ਹਮੇਸ਼ਾ ਰਹੇਗਾ।

69. ਪਰਮੇਸ਼ੁਰ ਕਿੱਥੇ ਹੈ?

ਜਵਾਬ: ਪਰਮੇਸ਼ੁਰ ਉਸ ਹਰ ਜਗ੍ਹਾ ਹੈ ਜਿੱਥੇ ਉਹ ਹੋਣਾ ਚਾਹੁੰਦਾ ਹੈ।

70. ਪਰਮੇਸ਼ੁਰ ਕੀ ਕਰ ਸਕਦਾ ਹੈ?

ਜਵਾਬ: ਪਰਮੇਸ਼ੁਰ ਉਹ ਸਭ ਕਰ ਸਕਦਾ ਹੈ ਜੋ ਉਹ ਕਰਨਾ ਚਾਹੁੰਦਾ ਹੈ।

71. ਪਰਮੇਸ਼ੁਰ ਕੀ ਜਾਣਦਾ ਹੈ?

ਜਵਾਬ: ਪਰਮੇਸ਼ੁਰ ਉਹ ਸਭ ਜਾਣਦਾ ਹੈ ਜੋ ਉਹ ਜਾਣਨਾ ਚਾਹੁੰਦਾ ਹੈ।

72. ਕੀ ਕੁਝ ਵੀ ਪਰਮੇਸ਼ੁਰ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ?

ਜਵਾਬ: ਨਹੀਂ

73. ਪਰਮੇਸ਼ੁਰ ਸਿਰਜਣਹਾਰ ਹੈ। ਉਸ ਨੇ ਕੀ ਸਿਰਜਿਆ ਹੈ?

ਜਵਾਬ: ਸਭ ਕੁਝ

74. ਪਰਮੇਸ਼ੁਰ ਨੇ ਤੁਹਾਨੂੰ ਕਿਉਂ ਬਣਾਇਆ ਹੈ?

ਜਵਾਬ: ਤਾਂ ਕਿ ਉਹ ਮੈਨੂੰ ਪਿਆਰ ਕਰ ਸਕੇ ਅਤੇ ਅਨੰਦ ਮਨਾ ਸਕੇ

## ਮਨੁੱਖਤਾ, ਪਾਪ, ਅਤੇ ਮੁਕਤੀ ਬਾਰੇ ਸਵਾਲ

75. ਪੁਰਸ਼ ਅਤੇ ਇਸਤਰੀਆਂ ਕੀ ਹਨ?

    ਜਵਾਬ: ਉਹ ਵਿਅਕਤੀ ਜੋ ਪਰਮੇਸ਼ੁਰ ਨੂੰ ਜਾਣ ਸਕਦੇ ਹਨ ਅਤੇ ਉਸ ਨੂੰ ਪਿਆਰ ਸਕਦੇ ਹਨ

76. ਸਾਡੇ ਪਹਿਲੇ ਮਾਤਾ-ਪਿਤਾ ਕੌਣ ਸਨ?

    ਜਵਾਬ: ਆਦਮ ਅਤੇ ਹੱਵਾਹ

77. ਆਦਮ ਅਤੇ ਹੱਵਾਹ ਨੂੰ ਸਾਰੇ ਜਾਨਵਰਾਂ ਤੋਂ ਵੱਖਰਾ ਕਿਸ ਗੱਲ ਨੇ ਬਣਾਇਆ ਸੀ?

    ਜਵਾਬ: ਆਦਮ ਅਤੇ ਹੱਵਾਹ ਵਿੱਚ ਆਤਮਾ ਸੀ; ਜਾਨਵਰਾਂ ਵਿੱਚ ਨਹੀਂ।

78. ਕੀ ਤੁਹਾਡੇ ਵਿੱਚ ਆਤਮਾ ਹੈ?

    ਜਵਾਬ: ਹਾਂ, ਮੇਰੇ ਵਿੱਚ ਆਤਮਾ ਹੈ ਜੋ ਕਦੇ ਵੀ ਮਰੇਗਾ ਨਹੀਂ।

79. ਪਾਪ ਕੀ ਹੈ?

    ਜਵਾਬ: ਇਹ (ਮੁੱਖ ਤੌਰ ’ਤੇ) ਪਰਮੇਸ਼ੁਰ ਦੇ ਉਸ ਨਿਯਮ ਦੀ ਉਲੰਘਣਾ ਹੈ ਜਿਸ ਨੂੰ ਅਸੀਂ ਜਾਣਦੇ ਹਾਂ।

80. ਪਾਪ ਕੀ ਕਰਦਾ ਹੈ?

    ਜਵਾਬ: ਇਹ ਪਰਮੇਸ਼ੁਰ ਨਾਲ ਸਾਡੇ ਪਿਆਰ ਭਰੇ ਰਿਸ਼ਤੇ ਨੂੰ ਨੁਕਸਾਨ ਪਹੁੰਚਾਉਂਦਾ ਹੈ

81. ਪਹਿਲਾ ਪਾਪ ਕਿਸ ਨੇ ਕੀਤਾ ਸੀ?
ਜਵਾਬ: ਆਦਮ ਅਤੇ ਹੱਵਾਹ ਨੇ

82. ਆਦਮ ਅਤੇ ਹੱਵਾਹ ਨੇ ਕੀ ਗਲਤ ਕੀਤਾ ਸੀ?
ਜਵਾਬ: ਉਨ੍ਹਾਂ ਨੇ ਉਹ ਫਲ ਖਾਧਾ ਜੋ ਖਾਣ ਤੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਨ੍ਹਾ ਕੀਤਾ ਸੀ ਅਤੇ ਉਸ ਨਾਲ ਆਪਣੇ ਰਿਸ਼ਤੇ ਨੂੰ ਤੋੜ ਦਿੱਤਾ।

83. ਆਦਮ ਅਤੇ ਹੱਵਾਹ ਨੂੰ ਪਾਪ ਕਰਨ ਲਈ ਕਿਸ ਨੇ ਪਰਤਾਇਆ?
ਜਵਾਬ: ਸ਼ਤਾਨ ਨੇ

84. ਅਸੀਂ ਉਸ ਪਾਪ ਦੁਆਰਾ ਕਿਵੇਂ ਪ੍ਰਭਾਵਿਤ ਹੋਏ ਹਾਂ?
ਜਵਾਬ: ਆਦਮ ਅਤੇ ਹੱਵਾਹ ਉਹ ਪਾਪ ਸਾਰੇ ਮਨੁੱਖਾਂ ਨੂੰ ਦਿੱਤਾ; ਅਸੀਂ ਸਾਰੇ ਜਨਮ ਤੋਂ ਪਾਪੀ ਹਾਂ।

85. ਪਾਪੀ ਕਿਸ ਦੇ ਲਾਇਕ ਹਨ?
ਜਵਾਬ: ਪਰਮੇਸ਼ੁਰ ਦੀ ਸਜ਼ਾ ਅਤੇ ਮੌਤ

86. ਅਸੀਂ (ਇੱਛੁਕ) ਪਾਪੀਆਂ ਦੇ ਰੂਪ ਵਿੱਚ ਸਵਰਗ ਜਾ ਸਕਦੇ ਹਾਂ?
ਜਵਾਬ: ਨਹੀਂ

87. ਜੇ ਅਸੀਂ ਉਦੋਂ ਸਵਰਗ ਨਹੀਂ ਜਾਂਦੇ ਜਦੋਂ ਅਸੀਂ ਮਰਦੇ ਹਾਂ, ਤਾਂ ਅਸੀਂ ਕਿੱਥੇ ਜਾਵਾਂਗੇ?
ਜਵਾਬ: ਨਰਕ ਵਿੱਚ।

88. ਮੁਕਤੀ ਕੀ ਹੈ?

ਜਵਾਬ: ਸਾਡੇ ਪਾਪਾਂ ਤੋਂ ਮਾਫ਼ੀ ਪ੍ਰਾਪਤ ਕਰਨਾ (ਯਿਸੂ ਦੀ ਸਾਡੇ ਲਈ ਮੌਤ, ਦਫ਼ਨਾਏ ਜਾਣ, ਅਤੇ ਜੀ ਉੱਠਣ ਉੱਤੇ ਵਿਸ਼ਵਾਸ ਕਰਨ ਦੁਆਰਾ) ਅਤੇ ਪਰਮੇਸ਼ੁਰ ਨੂੰ ਪਿਆਰ ਕਰਨਾ

89. ਸਾਨੂੰ ਮੁਕਤੀ ਦੀ ਲੋੜ ਕਿਉਂ ਹੈ?

ਜਵਾਬ: ਅਸੀਂ ਸਾਰੇ ਪਾਪੀ ਹਾਂ।

90. ਮੁਕਤੀ ਦੇ ਲਈ ਕੀ ਜ਼ਰੂਰੀ ਹੈ?

ਜਵਾਬ: ਕਿਰਪਾ ਦੁਆਰਾ ਅਸੀਂ ਮਸੀਹ ਯਿਸੂ ਉੱਤੇ ਵਿਸ਼ਵਾਸ ਕਰਨ ਰਾਹੀਂ ਬਚਾਏ ਗਏ ਹਾਂ।

91. ਕੀ ਬਚਾਏ ਜਾਣ ਦਾ ਕੋਈ ਹੋਰ ਤਰੀਕਾ ਹੈ?

ਜਵਾਬ: ਨਹੀਂ, ਅਸੀਂ ਕੇਵਲ ਕਿਰਪਾ ਦੁਆਰਾ ਮਸੀਹ ਯਿਸੂ ਉੱਤੇ ਵਿਸ਼ਵਾਸ ਕਰਨ ਰਾਹੀਂ ਬਚਾਏ ਜਾ ਸਕਦੇ ਹਾਂ।

92. ਜਦੋਂ ਅਸੀਂ ਸਾਡੇ ਪਾਪ ਤੋਂ ਬਚਾਏ ਜਾਂਦੇ ਹਾਂ, ਤਾਂ ਕੀ ਹੁੰਦਾ ਹੈ?

ਜਵਾਬ: ਅਸੀਂ ਪਰਮੇਸ਼ੁਰ ਨੂੰ ਪਿਆਰ ਕਰਦੇ ਹਾਂ ਅਤੇ ਆਪਣੇ ਗੁਆਂਢੀ ਨੂੰ ਪਿਆਰ ਕਰਦੇ ਹਾਂ ਅਤੇ ਉਸ ਨੂੰ ਪ੍ਰਸੰਨ ਕਰਨ ਲਈ ਸਾਡੀ ਇੱਛਾ ਵਿੱਚ ਵਧਦੇ ਹਾਂ।

## ਯਿਸੂ ਬਾਰੇ ਸਵਾਲ

93. ਯਿਸੂ ਕੌਣ ਹੈ?
    ਜਵਾਬ: ਯਿਸੂ ਪਰਮੇਸ਼ੁਰ ਹੈ ਜੋ ਇੱਕ ਮਨੁੱਖ ਬਣਿਆ ਸੀ, ਸਾਡਾ ਮੁਕਤੀਦਾਤਾ।

94. ਇੱਕ ਮੁਕਤੀਦਾਤਾ ਕੌਣ ਹੁੰਦਾ ਹੈ?
    ਜਵਾਬ: ਕੇਵਲ ਇੱਕੋ ਜੋ ਸਾਨੂੰ ਸਾਡੇ ਪਾਪ ਤੋਂ ਬਚਾਉਂਦਾ ਹੈ।

95. ਕੀ ਯਿਸੂ ਮਨੁੱਖ ਜਾਂ ਪਰਮੇਸ਼ੁਰ ਹੈ?
    ਜਵਾਬ: ਉਹ ਸੰਪੂਰਣ ਮਨੁੱਖ ਅਤੇ ਸੰਪੂਰਣ ਪਰਮੇਸ਼ੁਰ ਦੋਵੇਂ ਹੀ ਹੈ।

96. ਯਿਸੂ ਦੇ ਜਨਮ ਬਾਰੇ ਵਿਸ਼ੇਸ਼ ਕੀ ਸੀ?
    ਜਵਾਬ: ਉਹ ਪਵਿੱਤਰ ਆਤਮਾ ਦੇ ਦੁਆਰਾ ਕੁਆਰੀ ਮਰਿਯਮ ਤੋਂ ਪੈਦਾ ਹੋਇਆ ਸੀ।

97. ਯਿਸੂ ਜਦੋਂ ਲੱਗਭਗ 2,000 ਸਾਲ ਪਹਿਲਾਂ ਧਰਤੀ ਉੱਤੇ ਸੀ ਤਾਂ ਉਸ ਨੇ ਕੀ ਕੀਤਾ ਸੀ?
    ਜਵਾਬ: ਉਸ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਸੀ, ਗਰੀਬਾਂ ਦੀ ਦੇਖਭਾਲ ਕੀਤੀ ਸੀ, ਅਤੇ ਸਾਡੇ ਪਾਪਾਂ ਦੇ ਪ੍ਰਾਸਚਿਤ ਲਈ ਸਲੀਬ ਉੱਤੇ ਮਰਿਆ ਸੀ।

98. ਸਾਡੇ ਪਾਪਾਂ ਦੇ ਲਈ ਪ੍ਰਾਸਚਿਤ ਕਰਨ ਦਾ ਕੀ ਅਰਥ ਹੈ?

ਜਵਾਬ: ਇਸ ਦਾ ਅਰਥ ਹੈ ਕਿ ਯਿਸੂ ਨੇ ਸਲੀਬ ਉੱਤੇ ਮਰਨ ਦੁਆਰਾ ਉਸ ਸਜ਼ਾ ਨੂੰ ਲੈ ਲਿਆ ਜਿਸ ਦੇ ਅਸੀਂ ਹੱਕਦਾਰ ਸੀ ਤਾਂ ਕਿ ਪਰਮੇਸ਼ੁਰ ਦੇ ਨਾਲ ਸਾਡਾ ਮੇਲ-ਮਿਲਾਪ ਹੋ ਸਕੇ।

99. ਯਿਸੂ ਦੇ ਮਰਨ ਤੋਂ ਬਾਅਦ ਕੀ ਹੋਇਆ ਸੀ?

ਜਵਾਬ: ਇੱਕ ਕਬਰ ਵਿੱਚ ਰੱਖੇ ਜਾਣ ਤੋਂ ਬਾਅਦ, ਉਹ ਫਿਰ ਜੀ ਉੱਠਿਆ ਅਤੇ ਉਸ ਨੇ ਮੌਤ ਨੂੰ ਹਰਾਇਆ।

## ਪਵਿੱਤਰ ਆਤਮਾ ਬਾਰੇ ਸਵਾਲ

100. ਪਵਿੱਤਰ ਆਤਮਾ ਕੌਣ ਹੈ?

ਜਵਾਬ: ਉਹ ਤ੍ਰਿਏਕਤਾ ਦਾ ਤੀਸਰਾ ਵਿਅਕਤੀ ਹੈ।

101. ਪਵਿੱਤਰ ਆਤਮਾ ਯਿਸੂ ਦੇ ਵਾਅਦੇ ਅਨੁਸਾਰ ਕਦੋਂ ਆਇਆ?

ਜਵਾਬ: ਪੰਤੇਕੁਸਤ ਦੇ ਯਹੂਦੀ ਪਰਬ ਦੇ ਦਿਨ, ਯਿਸੂ ਦੇ ਜੀ ਉੱਠਣ ਤੋਂ 50 ਦਿਨ ਬਾਅਦ

102. ਪੰਤੇਕੁਸਤ ਕੀ ਹੈ?

ਜਵਾਬ: ਕਲੀਸਿਯਾ ਦਾ ਜਨਮ ਦਿਨ, ਜਦੋਂ ਪਵਿੱਤਰ ਆਤਮਾ ਨੇ ਯਿਸੂ ਦੇ ਵਿਸ਼ਵਾਸੀਆਂ ਨੂੰ ਭਰਿਆ

103. ਪਵਿੱਤਰ ਆਤਮਾ ਅੱਜ ਕੀ ਕਰਦਾ ਹੈ?

ਜਵਾਬ: ਉਹ ਵਿਸ਼ਵਾਸੀਆਂ ਨੂੰ ਪਵਿੱਤਰ ਕਰਦਾ ਹੈ।

104. ਪਵਿੱਤਰ ਆਤਮਾ ਲੋਕਾਂ ਨੂੰ ਪਵਿੱਤਰ ਕਿਵੇਂ ਕਰਦਾ ਹੈ?

ਜਵਾਬ: ਉਹ ਲੋਕਾਂ ਨੂੰ ਕਾਇਲ ਕਰਦਾ ਹੈ ਅਤੇ ਉਨ੍ਹਾਂ ਨੂੰ ਪਾਪ ਤੋਂ ਸ਼ੁੱਧ ਕਰਦਾ ਹੈ, ਸਿਖਾਉਂਦਾ ਹੈ ਅਤੇ ਅਗਵਾਈ ਕਰਦਾ ਹੈ, ਸਾਨੂੰ ਆਤਮਿਕ ਸ਼ਕਤੀ ਦਿੰਦਾ ਹੈ, ਅਤੇ ਸਾਨੂੰ ਆਤਮਿਕ ਵਰਦਾਨ ਅਤੇ ਆਤਮਾ ਦਾ ਫਲ ਦਿੰਦਾ ਹੈ।

105. ਆਤਮਾ ਦਾ ਫਲ ਕੀ ਹੈ?

ਜਵਾਬ: ਆਤਮਾ ਦਾ ਫਲ ਇਹ ਹੈ - ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ ਨਰਮਾਈ, ਸੰਜਮ।।

106. ਆਤਮਾ ਦਾ ਵਰਦਾਨ ਕੀ ਹੈ?

ਜਵਾਬ: ਮਹਾਨ ਆਦੇਸ਼ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਪਵਿੱਤਰ ਆਤਮਾ ਦੁਆਰਾ ਸਾਨੂੰ ਦਿੱਤੀ ਗਈ ਇੱਕ ਯੋਗਤਾ।

107. ਮਹਾਨ ਆਦੇਸ਼ ਕੀ ਹੈ?

ਜਵਾਬ: ਉਹ ਹਿਦਾਇਤਾਂ ਜੋ ਯਿਸੂ ਨੇ ਆਪਣੇ ਚੇਲਿਆਂ ਨੂੰ ਇਸ ਲਈ ਦਿੱਤੀਆਂ ਸਨ ਕਿ ਉਹ ਜਾਣ ਅਤੇ ਸਾਰੀਆਂ ਜਾਤੀਆਂ ਨੂੰ ਚੇਲੇ ਬਣਾਉਣ, ਉਨ੍ਹਾਂ ਨੂੰ ਬਪਤਿਸਮਾ ਦੇਣ ਅਤੇ ਉਨ੍ਹਾਂ ਨੂੰ ਉਸ ਦੀ ਸਿੱਖਿਆ ਦਾ ਪਾਲਣ ਕਰਨਾ ਸਿਖਾਉਣ।

108. ਆਤਮਾ ਦੀ ਗਵਾਹੀ ਕੀ ਹੈ?

ਜਵਾਬ: ਇੱਕ ਅੰਦਰੂਨੀ ਜਾਗਰੂਕਤਾ ਕਿ ਸਾਡਾ ਵਿਸ਼ਵਾਸ ਪਰਮੇਸ਼ੁਰ ਨੂੰ ਪ੍ਰਸੰਨ ਕਰ ਰਿਹਾ ਹੈ

109. ਪਵਿੱਤਰ ਆਤਮਾ ਮੇਰੀ ਮਦਦ ਕਿਵੇਂ ਕਰ ਸਕਦਾ ਹੈ?

ਜਵਾਬ: ਉਹ ਮੇਰੀ ਮਦਦ ਕਰ ਸਕਦਾ ਹੈ ਕਿ ਮੈਂ ਪਰਮੇਸ਼ੁਰ ਨੂੰ ਅਤੇ ਉਸ ਦੀ ਇੱਛਾ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰਾਂ।

110. “ਸਿੱਧ” ਮਸੀਹੀ ਬਣਨ ਦਾ ਕੀ ਅਰਥ ਹੈ?

ਜਵਾਬ: ਆਪਣੇ ਸਾਰੇ ਦਿਲ, ਆਪਣੀ ਸਾਰੀ ਜਾਨ, ਅਤੇ ਆਪਣੀ ਸਾਰੀ ਸ਼ਕਤੀ ਨਾਲ ਪਰਮੇਸ਼ੁਰ ਨੂੰ ਪਿਆਰ ਕਰਨਾ।

## ਆਖਰੀ ਗੱਲਾਂ ਬਾਰੇ ਸਵਾਲ

111. ਕੀ ਯਿਸੂ ਕਿਸੇ ਦਿਨ ਇੱਕ ਵਿਅਕਤੀ ਦੇ ਰੂਪ ਵਿੱਚ, ਇੱਕ ਪ੍ਰਤੱਖ ਰੂਪ ਵਿੱਚ ਵਾਪਸ ਆਵੇਗਾ?

ਜਵਾਬ: ਹਾਂ

112. ਯਿਸੂ ਦੁਬਾਰਾ ਕਿਉਂ ਆਵੇਗਾ?

ਜਵਾਬ: ਆਪਣੀ ਕਲੀਸਿਯਾ ਨੂੰ ਆਪਣੇ ਲਈ ਲੈਣ ਵਾਸਤੇ

113. ਇਹ ਕਦੋਂ ਹੋਵੇਗਾ?

ਜਵਾਬ: ਅਸੀਂ ਨਹੀਂ ਜਾਣਦੇ ਕਿ ਇਹ ਕਦੋਂ ਹੋਵੇਗਾ, ਸੋ ਸਾਨੂੰ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।

114. ਅਸੀਂ ਤਿਆਰ ਕਿਵੇਂ ਰਹਿ ਸਕਦੇ ਹਾਂ?

ਜਵਾਬ: ਹਰ ਪਲ ਪਰਮੇਸ਼ੁਰ ਦੇ ਨਾਲ ਪਿਆਰ ਭਰੇ ਰਿਸ਼ਤੇ ਵਿੱਚ ਰਹਿਣ ਦੁਆਰਾ।

115. ਯਿਸੂ ਦੇ ਦੁਬਾਰਾ ਆਉਣ ਤੋਂ ਬਾਅਦ ਕੀ ਹੁੰਦਾ ਹੈ?

ਜਵਾਬ: ਸਾਰੇ ਲੋਕਾਂ ਦਾ ਨਿਆਂ ਕੀਤਾ ਜਾਵੇਗਾ, ਅਤੇ ਅਖੀਰ ਸ਼ਤਾਨ ਨੂੰ ਹਰਾਇਆ ਜਾਵੇਗਾ।

116. ਸ਼ਤਾਨ ਨੂੰ ਹਰਾਉਣ ਤੋਂ ਬਾਅਦ ਕੀ ਹੋਵੇਗਾ?

ਜਵਾਬ: ਅਸੀਂ ਸਦਾ ਲਈ ਪਰਮੇਸ਼ੁਰ ਨੂੰ ਪਿਆਰ ਕਰਾਂਗੇ ਅਤੇ ਅਨੰਦ ਕਰਾਂਗੇ।

## ਯਾਦ ਕਰਨ ਲਈ ਵਚਨ ਦੇ ਭਾਗ

- ਕੂਚ 19:3-6
- ਕੂਚ 20:1-17 – ਦਸ ਹੁਕਮ
- ਬਿਵਸਥਾਸਾਰ 6:4-9
- ਜ਼ਬੂਰ 1
- ਜ਼ਬੂਰ 23
- ਜ਼ਬੂਰ 24
- ਜ਼ਬੂਰ 121
- ਜ਼ਬੂਰ 139
- ਮੱਤੀ 7:21-27
- ਮੱਤੀ 28:18-20
- ਯੂਹੰਨਾ 3:16-21
- 1 ਕੁਰਿੰਥੀਆਂ ਨੂੰ 13:1-13
- ਗਲਾਤੀਆਂ ਨੂੰ 5:16-25
- ਅਫ਼ਸੀਆਂ ਨੂੰ 6:10-17
- ਫ਼ਿਲਿੱਪੀਆਂ ਨੂੰ 2:5-11
- ਇਬਰਾਨੀਆਂ ਨੂੰ 12:1-3
- ਪਤਰਸ ਦੀ ਪਹਿਲੀ ਪੱਤ੍ਰੀ 2:9-12
- ਪਰਕਾਸ਼ ਦੀ ਪੋਥੀ 21:4-8

# ਮਾਪਿਆਂ ਲਈ: ਸਾਧਨ 3

## ਇਸ ਸਾਧਨ ਦਾ ਉਦੇਸ਼

ਇਹ ਸਾਧਨ ਕਹਾਉਤਾਂ ਦੀ ਪੁਸਤਕ ਤੋਂ ਉਹ ਸਿਧਾਂਤ ਪ੍ਰਦਾਨ ਕਰਦਾ ਹੈ ਜੋ ਪਰਿਵਾਰ ਜਾਂ ਸਕੂਲ ਜਾਂ ਅਧਿਐਨ ਦੇ ਹੋਰ ਸਥਾਨਾਂ ਵਿੱਚ ਵਰਤਣ ਲਈ ਹਨ। ਸਮੱਗਰੀ ਨੂੰ ਇਸ ਤਰ੍ਹਾਂ ਤਿਆਰ ਨਹੀਂ ਕੀਤਾ ਗਿਆ ਹੈ ਕਿ ਇਸ ਨੂੰ ਇੱਕ ਪਾਠ ਦੇ ਰੂਪ ਵਿੱਚ ਇੱਕੋ ਸਮੇਂ ਸਿਖਾਇਆ ਜਾਵੇ। ਇਹ ਉੱਤਮ ਤਰੀਕਾ ਹੈ ਕਿ ਹਰ ਦਿਨ ਇੱਕ ਜਾਂ ਦੋ ਸਿਧਾਂਤਾਂ ਨੂੰ ਸਿਖਾਇਆ ਜਾਵੇ ਅਤੇ ਉਨ੍ਹਾਂ ਬਾਰੇ ਚਰਚਾ ਕੀਤੀ ਜਾਵੇ।

## ਸਿਖਾਉਣ ਦਾ ਤਰੀਕਾ

(1) ਕਿਸੇ ਨੂੰ ਉਸ ਆਇਤ ਨੂੰ ਪੜ੍ਹਨਾ ਚਾਹੀਦਾ ਹੈ ਜਿਸ ਵਿੱਚ ਇੱਕ ਸਿਧਾਂਤ ਹੈ। ਜੇ ਇਹ ਕਈ ਆਇਤਾਂ ਹਨ, ਤਾਂ ਮਾਤਾ ਜਾਂ ਪਿਤਾ ਜਾਂ ਸਿੱਖਿਅਕ ਚੋਣ ਕਰ ਸਕਦਾ ਹੈ ਕਿ ਕਿਹੜੀ ਆਇਤ ਦੀ ਵਰਤੋਂ ਕਰਨੀ ਹੈ।

(2) ਮਾਤਾ ਜਾਂ ਪਿਤਾ ਜਾਂ ਸਿੱਖਿਅਕ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੁਣਨ ਵਾਲੇ ਸ਼ਬਦਾਂ ਨੂੰ ਅਤੇ ਆਇਤ ਦੇ ਕਥਨਾਂ ਨੂੰ ਸਮਝਦੇ ਹਨ।

(3) ਮਾਤਾ ਜਾਂ ਪਿਤਾ ਜਾਂ ਸਿੱਖਿਅਕ ਫਿਰ ਉਸ ਸਿਧਾਂਤ ਨੂੰ ਸਾਂਝਾ ਕਰ ਸਕਦਾ ਹੈ ਜੋ ਆਇਤ ’ਤੇ ਅਧਾਰਿਤ ਹੈ।

(4) ਮਾਤਾ ਜਾਂ ਪਿਤਾ ਜਾਂ ਸਿੱਖਿਅਕ ਅਤੇ ਹੋਰ ਜੀਵਨ ਦੇ ਉਨ੍ਹਾਂ ਹਾਲਾਤਾਂ ਦਾ ਵਰਣਨ ਕਰਨ ਜਿੱਥੇ ਉਹ ਸਿਧਾਂਤ ਲਾਗੂ ਹੁੰਦਾ ਹੈ।

## ਕਹਾਉਤਾਂ ਵਿਚਲੇ ਵਿਸ਼ੇ

*ਪਰਮੇਸ਼ੁਰ ਦਾ ਭੈ* ਕਹਾਉਤਾਂ ਦੀ ਪੁਸਤਕ ਵਿੱਚ ਮਹੱਤਵਪੂਰਣ ਵਿਸ਼ਾ ਹੈ। ਸਹੀ ਤਰ੍ਹਾਂ ਨਾਲ ਪਰਮੇਸ਼ੁਰ ਦਾ ਭੈ ਮੰਨਣ ਦਾ ਅਰਥ ਤਿੰਨ ਗੱਲਾਂ ਨੂੰ ਜਾਣਨਾ ਹੈ: ਉਹ ਕੌਣ ਹੈ, ਇਹ ਕਿ ਸਾਨੂੰ ਉਸ ਦੀ ਆਗਿਆ ਮੰਨਣੀ ਚਾਹੀਦੀ ਹੈ, ਅਤੇ ਇਹ ਕਿ ਅਵੱਗਿਆ ਲਈ ਸਾਨੂੰ ਸਜ਼ਾ ਦਿੱਤੀ ਜਾਵੇਗੀ।

*ਬੁੱਧੀ* ਕਹਾਉਤਾਂ ਦੀ ਪੁਸਤਕ ਵਿੱਚ ਕੇਂਦਰੀ ਵਿਸ਼ਾ ਹੈ। ਪਰਮੇਸੁਰ ਦੇ ਦ੍ਰਿਸ਼ਟੀਕੋਣਾਂ ਅਤੇ ਉਸ ਦੀਆਂ ਕਦਰਾਂ-ਕੀਮਤਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਦਾ ਅਨੁਸਰਣ ਕਰਨ ਲਈ *ਬੁੱਧੀ* ਦਾ ਹੋਣਾ। ਪਰਮੇਸ਼ੁਰ ਚੀਜ਼ਾਂ ਨੂੰ ਓਵੇਂ ਹੀ ਵੇਖਦਾ ਹੈ ਜਿਵੇਂ ਉਹ ਅਸਲ ਵਿੱਚ ਹਨ, ਸੋ ਅਸੀਂ ਤਦ ਬੁੱਧੀਮਾਨ ਹੁੰਦੇ ਹਾਂ ਜਦੋਂ ਅਸੀਂ ਉਸ ਉੱਤੇ ਵਿਸ਼ਵਾਸ ਕਰਦੇ ਹਾਂ ਜੋ ਪਰਮੇਸ਼ੁਰ ਆਖਦਾ ਹੈ ਅਤੇ ਉਸ ਦੇ ਨਿਰਦੇਸ਼ਾਂ ਦਾ ਅਨੁਸਰਣ ਕਰਦੇ ਹਾਂ।

ਮਾਪਿਆਂ ਅਤੇ ਸਿੱਖਿਅਕਾਂ ਨੂੰ ਕਹਾਉਤਾਂ ਵਿੱਚ ਦਿੱਤੇ ਸਿਧਾਂਤਾਂ ਦੀ ਪਾਲਣਾ ਕਰਨ ਲਈ ਨਿੱਜੀ ਤੌਰ ’ਤੇ ਸਮਰਪਿਤ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਜੀਵਨਾਂ ਵਿੱਚ ਸਿਧਾਂਤਾਂ ਦੇ ਅਭਿਆਸ ਨੂੰ ਵਿਖਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਅਤੇ ਆਪਣੇ ਵਿਦਿਆਰਥੀਆਂ ਨੂੰ ਇਹ ਸਿਧਾਂਤ ਸਿਖਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਸਿਧਾਂਤਾਂ ਨੂੰ ਜੀਵਨ ਦੇ ਹਾਲਾਤਾਂ ਵਿੱਚ ਲਾਗੂ ਕਰਨ ਦੇ ਤਰੀਕਿਆਂ ਦੀ ਭਾਲ ਕਰਨੀ ਚਾਹੀਦੀ ਹੈ।

# ਸਾਧਨ 3
# ਕਹਾਉਤਾਂ ਤੋਂ ਸਿਧਾਂਤ

1. ਪਰਮੇਸ਼ੁਰ ਦੀ ਬੁੱਧੀ ਨੂੰ ਸਿੱਖਣਾ ਸਭ ਤੋਂ ਮਹੱਤਵਪੂਰਣ ਕੰਮ ਹੈ ਜੋ ਮੈਂ ਕਰ ਸਕਦਾ ਹਾਂ (ਕਹਾਉਤਾਂ 2:4-5, ਕਹਾਉਤਾਂ 4:5)।
2. ਮੈਨੂੰ ਉਸ ਹਰੇਕ ਗੱਲ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਜੋ ਮੈਂ ਸੁਣਦਾ ਹਾਂ (ਕਹਾਉਤਾਂ 14:15)।
3. ਮੈਨੂੰ ਆਪਣੇ ਸਾਰੇ ਫੈਸਲਿਆਂ ਵਿੱਚ ਪਰਮੇਸ਼ੁਰ ਦੀ ਇੱਛਾ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਕਿ ਉਹ ਮੇਰੀ ਅਗਵਾਈ ਕਰ ਸਕੇ (ਕਹਾਉਤਾਂ 3:5-6)।
4. ਮੈਨੂੰ ਆਪਣੇ ਮਾਤਾ-ਪਿਤਾ ਤੋਂ ਸਲਾਹ ਅਤੇ ਬੁੱਧੀ ਨੂੰ ਸੁਣਨਾ ਚਾਹੀਦਾ ਹੈ (ਕਹਾਉਤਾਂ 1:8)।
5. ਚੰਗੀ ਸਲਾਹ ਮੇਰੇ ਜੀਵਨ ਨੂੰ ਅਸੀਸ ਦਿੰਦੀ ਹੈ ਅਤੇ ਮੈਨੂੰ ਦੂਸਰਿਆਂ ਦੀ ਮਦਦ ਕਰਨ ਦੇ ਯੋਗ ਬਣਾਉਂਦੀ ਹੈ (ਕਹਾਉਤਾਂ 10:17)।

6. ਜੇ ਮੈਂ ਚੰਗੀ ਸਿੱਖਿਆ ਨੂੰ ਅਣਦੇਖਿਆ ਕਰਦਾ ਹਾਂ, ਤਾਂ ਮੈਂ ਬਿਪਤਾ ਦਾ ਅਨੁਭਵ ਕਰਾਂਗਾ (ਕਹਾਉਤਾਂ 13:18)।

7. ਚੰਗੀ ਹਿਦਾਇਤ ਮੇਰੀ ਵਿਕਾਸ ਕਰਨ ਅਤੇ ਸੁਧਾਰ ਕਰਨ ਵਿੱਚ ਮਦਦ ਕਰਦੀ ਹੈ (ਕਹਾਉਤਾਂ 9:9)।

8. ਪਰਮੇਸ਼ੁਰ ਨਹੀਂ ਚਾਹੁੰਦਾ ਕਿ ਮੈਂ ਹਿੰਸਕ ਜਾਂ ਧੋਖੇਬਾਜ਼ ਬਣਾਂ (ਕਹਾਉਤਾਂ 3:31-32)।

9. ਮੈਨੂੰ ਲੋੜ ਹੈ ਕਿ ਮੈਂ ਆਪਣੇ ਦਿਲ ਵਿੱਚ ਸਹੀ ਇਰਾਦੇ ਰੱਖਾਂ (ਕਹਾਉਤਾਂ 4:23, ਕਹਾਉਤਾਂ 12:5)।

10. ਪਰਮੇਸ਼ੁਰ ਇਸ ਦਾ ਅਸਲ ਕਾਰਣ ਜਾਣਦਾ ਹੈ ਕਿ ਜੋ ਮੈਂ ਕਰਦਾ ਉਹ ਕਿਉਂ ਕਰਦਾ ਹਾਂ (ਕਹਾਉਤਾਂ 16:2)।

11. ਜੇ ਮੈਂ ਗਿਆਨ ਅਤੇ ਤਾੜਨਾ ਨੂੰ ਅਣਦੇਖਿਆ ਕਰਦਾ ਹਾਂ ਤਾਂ ਮੈਂ ਮੂਰਖ ਹਾਂ (ਕਹਾਉਤਾਂ 1:22, ਕਹਾਉਤਾਂ 12:1)।

12. ਪਰਮੇਸ਼ੁਰ ਦੀ ਇੱਛਾ ਦਾ ਅਨੁਸਰਣ ਕਰਨਾ ਮੈਨੂੰ ਬਹੁਤ ਸਾਰੀਆਂ ਬਿਪਤਾਵਾਂ ਤੋਂ ਬਚਾਉਂਦਾ ਹੈ (ਕਹਾਉਤਾਂ 1:33)।

13. ਪਰਮੇਸ਼ੁਰ ਉੱਤੇ ਭਰੋਸਾ ਕਰਨ ਦੁਆਰਾ ਮੈਂ ਡਰ ਤੋਂ ਆਜ਼ਾਦ ਹੋ ਸਕਦਾ ਹਾਂ (ਕਹਾਉਤਾਂ 3:25-26)।

14. ਮੈਨੂੰ ਆਪਣੀਆਂ ਯੋਗਤਾਵਾਂ ਅਤੇ ਆਪਣੀ ਸਮਝ ਉੱਤੇ ਭਰੋਸਾ ਰੱਖਣ ਦੇ ਬਜਾਏ ਪਰਮੇਸ਼ੁਰ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ (ਕਹਾਉਤਾਂ 3:7, ਕਹਾਉਤਾਂ 11:2, ਕਹਾਉਤਾਂ 12:15)।

15. ਮੈਂ ਹਮੇਸ਼ਾ ਲਈ ਪਾਪ ਨੂੰ ਲੁਕਾ ਨਹੀਂ ਸਕਦਾ (ਕਹਾਉਤਾਂ 10:9)।

16. ਪਰਮੇਸ਼ੁਰ ਦੇ ਨਿਯਮ ਮੈਨੂੰ ਬਚਾਉਂਦੇ ਹਨ ਅਤੇ ਮੇਰੀ ਮਦਦ ਕਰਦੇ ਹਨ (ਕਹਾਉਤਾਂ 6:23-24)।

17. ਜੇ ਮੈਂ ਆਪਣੀਆਂ ਇੱਛਾਵਾਂ ਅਤੇ ਭਾਵਨਾਵਾਂ ਨੂੰ ਕਾਬੂ ਵਿੱਚ ਰੱਖ ਸਕਦਾ ਹਾਂ, ਤਾਂ ਮੈਂ ਮਜ਼ਬੂਤ ਹਾਂ (ਕਹਾਉਤਾਂ 16:32, ਕਹਾਉਤਾਂ 25:28)।

18. ਜੇ ਮੈਂ ਲਾਪਰਵਾਹੀ ਦੇ ਨਾਲ ਬੋਲਦਾ ਹਾਂ, ਤਾਂ ਮੈਂ ਖੁਦ ਨੂੰ ਅਤੇ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਂਦਾ ਹਾਂ (ਕਹਾਉਤਾਂ 10:8, ਕਹਾਉਤਾਂ 10:21)।

19. ਮੈਨੂੰ ਉਨ੍ਹਾਂ ਲੋਕਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਜੋ ਮੇਰੇ ਤੋਂ ਕੁਝ ਗਲਤ ਕਰਾਉਣ ਦੀ ਕੋਸ਼ਿਸ਼ ਕਰਦੇ ਹਨ (ਕਹਾਉਤਾਂ 1:10-15, ਕਹਾਉਤਾਂ 4:14-15, ਕਹਾਉਤਾਂ 14:7, 16)।

20. ਮੈਨੂੰ ਉਨ੍ਹਾਂ ਨਾਲ ਦੋਸਤੀ ਕਰਨੀ ਚਾਹੀਦੀ ਹੈ ਜਿਨ੍ਹਾਂ ਦਾ ਉਸ ਤਰ੍ਹਾਂ ਦਾ ਚਰਿੱਤਰ ਹੈ ਜਿਸ ਤਰ੍ਹਾਂ ਦਾ ਚਰਿੱਤਰ ਮੈਂ ਖੁਦ ਦਾ ਬਣਾਉਣਾ ਚਾਹੁੰਦਾ ਹਾਂ (ਕਹਾਉਤਾਂ 13:20)।

21. ਪਰਮੇਸ਼ੁਰ ਉਹ ਸਭ ਵੇਖਦਾ ਹੈ ਜੋ ਮੈਂ ਕਰਦਾ ਹਾਂ (ਕਹਾਉਤਾਂ 5:21, ਕਹਾਉਤਾਂ 15:3)।

22. ਜੇ ਮੈਂ ਵਫ਼ਾਦਾਰ ਅਤੇ ਭਰੋਸੇਯੋਗ ਹਾਂ ਤਾਂ ਮੇਰੇ ਦੋਸਤ ਮੇਰੀ ਕਦਰ ਕਰਦੇ ਹਨ (ਕਹਾਉਤਾਂ 19:22)।

23. ਜਿਨ੍ਹਾਂ ਲੋਕਾਂ ਨੂੰ ਮੈਂ ਪਿਆਰ ਕਰਦਾ ਹਾਂ ਉਨ੍ਹਾਂ ਦੇ ਨਾਲ ਜੀਵਨ ਨੂੰ ਸਾਂਝਾ ਕਰਨਾ ਐਸ਼ੋ-ਅਰਾਮ ਦੇ ਨਾਲੋਂ ਬਿਹਤਰ ਹੈ (ਕਹਾਉਤਾਂ 15:17)।

24. ਫੈਸਲਿਆਂ ਬਾਰੇ ਧਿਆਨ ਨਾਲ ਵਿਚਾਰ ਕਰਨ ਲਈ ਮੈਨੂੰ ਲੋੜੀਂਦਾ ਸਮਾਂ ਲੈਣਾ ਚਾਹੀਦਾ ਹੈ (ਕਹਾਉਤਾਂ 21:5, ਕਹਾਉਤਾਂ 19:2)।

25. ਜੇ ਮੈਂ ਬੁੱਧੀਮਾਨ ਹਾਂ, ਮੈਂ ਗਿਆਨ ਨੂੰ ਪਿਆਰ ਕਰਾਂਗਾ, ਅਤੇ ਮੈਂ ਚੌਕਸ ਰਹਾਂਗਾ (ਕਹਾਉਤਾਂ 8:12)।

26. ਮੈਂ ਸ਼ਰਾਬ ਪੀਣ ਤੋਂ ਬਚਾਂਗਾ ਕਿਉਂਕਿ ਇਹ ਬੁਰੇ ਵਿਹਾਰ ਦਾ ਕਾਰਨ ਬਣਦੀ ਹੈ (ਕਹਾਉਤਾਂ 20:1)।

27. ਮੈਨੂੰ ਦੂਸਰਿਆਂ ਤੋਂ ਬਦਲਾ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸਗੋਂ ਮੈਨੂੰ ਪਰਮੇਸ਼ੁਰ ਉੱਤੇ ਭਰੋਸਾ ਕਰਨਾ ਚਾਹੀਦਾ ਹੈ ਕਿ ਉਹ ਨਿਆਂ ਕਰੇਗਾ (ਕਹਾਉਤਾਂ 20:22)।

28. ਦੂਸਰਿਆਂ ਨਾਲ ਝਗੜਾ ਕਰਨ ਦੇ ਬਜਾਏ ਮੈਨੂੰ ਸ਼ਾਂਤੀ ਬਣਾ ਕੇ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ (ਕਹਾਉਤਾਂ 3:30, ਕਹਾਉਤਾਂ 20:3, ਕਹਾਉਤਾਂ 10:12)।

29. ਮੈਨੂੰ ਦੂਸਰਿਆਂ ਨੂੰ ਮੁਸ਼ਕਲ ਵਿੱਚ ਫਸਾਉਣ ਲਈ ਕਦੇ ਵੀ ਝੂਠ ਨਹੀਂ ਬੋਲਣਾ ਚਾਹੀਦਾ (ਕਹਾਉਤਾਂ 30:10)।

30. ਜੇ ਮੈਂ ਭਰੋਸੇਯੋਗ ਹਾਂ, ਮੈਂ ਸਮੱਸਿਆਵਾਂ ਨੂੰ ਪੈਦਾ ਕਰਨ ਲਈ ਭੇਤਾਂ ਨੂੰ ਨਹੀਂ ਦੱਸਾਂਗਾ (ਕਹਾਉਤਾਂ 11:13, ਕਹਾਉਤਾਂ 20:19)।

31. ਜੇ ਮੇਰਾ ਚੰਗਾ ਚਰਿੱਤਰ ਹੈ, ਮੈਂ ਸੱਚਾਈ ਦੱਸਾਂਗਾ (ਕਹਾਉਤਾਂ 13:5, ਕਹਾਉਤਾਂ 14:5)।

32. ਬੋਲਣ ਤੋਂ ਪਹਿਲਾਂ, ਮੈਨੂੰ ਧਿਆਨ ਨਾਲ ਸੋਚਣਾ ਚਾਹੀਦਾ ਹੈ (ਕਹਾਉਤਾਂ 15:28)।

33. ਮੈਨੂੰ ਦੂਸਰਿਆਂ ਦੀ ਅਲੋਚਨਾ ਕਰਨ ਲਈ ਅਤੇ ਦੂਸਰਿਆਂ ਨਾਲ ਝਗੜਾ ਕਰਨ ਲਈ ਕਾਹਲੀ ਨਹੀਂ ਕਰਨੀ ਚਾਹੀਦੀ (ਕਹਾਉਤਾਂ 11:12, ਕਹਾਉਤਾਂ 17:27)।

34. ਜੇ ਮੈਂ ਜਲਦੀ ਗੁੱਸੇ ਹੋ ਜਾਂਦਾ ਹਾਂ, ਤਾਂ ਮੈਂ ਮੂਰਖ ਹਾਂ (ਕਹਾਉਤਾਂ 12:16, ਕਹਾਉਤਾਂ 14:29)।

35. ਮੈਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਮੇਰੇ ਸ਼ਬਦ ਲੋਕਾਂ ਨੂੰ ਅਸੀਸ ਦੇਣ ਅਤੇ ਨੁਕਸਾਨ ਨਾ ਪਹੁੰਚਾਉਣ (ਕਹਾਉਤਾਂ 12:18, ਕਹਾਉਤਾਂ 12:25, ਕਹਾਉਤਾਂ 16:24, ਕਹਾਉਤਾਂ 18:21)।

36. ਮੈਨੂੰ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ (ਕਹਾਉਤਾਂ 4:24, ਕਹਾਉਤਾਂ 12:17)।

37. ਮੈਨੂੰ ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਤੱਥਾਂ ਨੂੰ ਸੁਣਨਾ ਚਾਹੀਦਾ ਹੈ (ਕਹਾਉਤਾਂ 18:13)।

38. ਜੇ ਮੈਂ ਬਹੁਤ ਜ਼ਿਆਦਾ ਬੋਲਦਾ ਹਾਂ, ਤਾਂ ਮੈਂ ਪਾਪਮਈ ਗੱਲਾਂ ਬੋਲਦਾ ਹਾਂ (ਕਹਾਉਤਾਂ 10:19)।

39. ਮੈਨੂੰ ਬਜ਼ੁਰਗਾਂ ਦਾ ਵਿਸ਼ੇਸ਼ ਆਦਰ ਕਰਨਾ ਚਾਹੀਦਾ ਹੈ (ਕਹਾਉਤਾਂ 16:31, ਕਹਾਉਤਾਂ 20:29)।

40. ਦਿਆਲਗੀ ਅਤੇ ਸੱਚਾਈ ਦੇ ਕਾਰਨ ਮੈਨੂੰ ਪਰਮੇਸ਼ੁਰ ਤੋਂ ਅਸੀਸ ਮਿਲੇਗੀ ਅਤੇ ਦੂਸਰੇ ਲੋਕਾਂ ਤੋਂ ਆਦਰ ਮਿਲੇਗਾ (ਕਹਾਉਤਾਂ 3:3-4)।

41. ਜਦੋਂ ਮੈਂ ਗਲਤ ਕਰਦਾ ਹਾਂ ਤਾਂ ਪਰਮੇਸ਼ੁਰ ਮੈਨੂੰ ਤਾੜਨਾ ਦੇਵੇਗਾ ਕਿਉਂਕਿ ਉਹ ਮੈਨੂੰ ਪਿਆਰ ਕਰਦਾ ਹੈ (ਕਹਾਉਤਾਂ 3:12)।

42. ਇਸ ਤੋਂ ਪਹਿਲਾਂ ਕਿ ਮੈਂ ਇੱਕ ਫੈਸਲਾ ਲਵਾਂ, ਮੈਨੂੰ ਇਸ ਦੇ ਨਤੀਜਿਆਂ ਬਾਰੇ ਸੋਚਣਾ ਚਾਹੀਦਾ ਹੈ (ਕਹਾਉਤਾਂ 22:3)।

43. ਜੇ ਮੈਂ ਪਾਪ ਕਰਦਾ ਹਾਂ, ਤਾਂ ਮੈਂ ਦਰਦਨਾਕ ਨਤੀਜਿਆਂ ਦੇ ਕਾਰਨ ਦੁੱਖ ਝੱਲਾਂਗਾ (ਕਹਾਉਤਾਂ 6:27)।

44. ਜੇ ਮੈਂ ਆਲਸੀ ਹਾਂ, ਤਾਂ ਮੈਂ ਇਸ ਤਰ੍ਹਾਂ ਕੰਗਾਲੀ ਦਾ ਸਾਹਮਣਾ ਕਰਾਂਗਾ ਜਿਵੇਂ ਮੈਨੂੰ ਲੁੱਟਿਆ ਗਿਆ ਹੋਵੇ (ਕਹਾਉਤਾਂ 6:10-11, ਕਹਾਉਤਾਂ 19:15)।

45. ਜ਼ਰੂਰੀ ਹੈ ਕਿ ਮੈਂ ਆਲਸੀ ਨਾ ਬਣਾਂ, ਕਿਉਂਕਿ ਆਲਸੀ ਹੋਣਾ ਉਜਾੜਨ ਵਾਲਾ ਹੋਣ ਦੇ ਵਾਂਗ ਹੀ ਹੈ (ਕਹਾਉਤਾਂ 18:9)।

46. ਮੈਨੂੰ ਆਪਣੇ ਭਵਿੱਖ ਨੂੰ ਸੁਧਾਰਨ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਮੌਕਿਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ (ਕਹਾਉਤਾਂ 6:6-8, ਕਹਾਉਤਾਂ 20:13)।

47. ਮੈਨੂੰ ਜਾਨਵਰਾਂ ਦੇ ਪ੍ਰਤੀ ਕਰੂਰ ਨਹੀਂ ਹੋਣਾ ਚਾਹੀਦਾ (ਕਹਾਉਤਾਂ 12:10)।

48. ਮੇਰੇ ਕੰਮਾਂ ਤੋਂ ਮੈਨੂੰ ਨੇਕਨਾਮੀ ਮਿਲਦੀ ਹੈ (ਕਹਾਉਤਾਂ 20:11)।

49. ਮੁਸ਼ਕਲ ਸਮਿਆਂ ਵਿੱਚ ਮੈਨੂੰ ਸਹਿਣ ਕਰਨ ਅਤੇ ਦ੍ਰਿੜ੍ਹ ਰਹਿਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ (ਕਹਾਉਤਾਂ 24:10)।

50. ਉੱਤਮ ਨਤੀਜਿਆਂ ਲਈ ਮੈਨੂੰ ਸਹੀ ਸਮੇਂ 'ਤੇ ਕੰਮ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ (ਕਹਾਉਤਾਂ 10:5, ਕਹਾਉਤਾਂ 20:4)।

51. ਆਲਸ ਜੀਵਨ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਨੂੰ ਲੈ ਕੇ ਆਉਂਦਾ ਹੈ, ਪਰ ਮੇਰਾ ਕੰਮ ਮੌਕਿਆਂ ਨੂੰ ਲੈ ਕੇ ਆਉਂਦਾ ਹੈ (ਕਹਾਉਤਾਂ 15:19, ਕਹਾਉਤਾਂ 14:23)।

52. ਮੈਨੂੰ ਕੁਝ ਬੇਈਮਾਨੀ ਕਰਨ ਦੁਆਰਾ ਲਾਭ ਕਮਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ (ਕਹਾਉਤਾਂ 10:2, ਕਹਾਉਤਾਂ 11:18, ਕਹਾਉਤਾਂ 15:27)।

53. ਮੈਂ ਕੰਮ ਕਰਨ ਦੁਆਰਾ ਅਤੇ ਬਚਤ ਕਰਨ ਦੁਆਰਾ ਪੈਸਾ ਪ੍ਰਾਪਤ ਕਰ ਸਕਦਾ ਹਾਂ (ਕਹਾਉਤਾਂ 10:4, ਕਹਾਉਤਾਂ 12:11, ਕਹਾਉਤਾਂ 13:11, ਕਹਾਉਤਾਂ 21:20, ਕਹਾਉਤਾਂ 28:19)।

54. ਜੇ ਮੈਂ ਧਰਮੀ ਹਾਂ ਤਾਂ ਪਰਮੇਸ਼ੁਰ ਮੇਰੇ ਲਈ ਪ੍ਰਦਾਨ ਕਰੇਗਾ (ਕਹਾਉਤਾਂ 10:3)।

55. ਜੇ ਮੈਂ ਪਰਮੇਸ਼ੁਰ ਨੂੰ ਦਿੰਦਾ ਹਾਂ ਤਾਂ ਪਰਮੇਸ਼ੁਰ ਮੇਰੇ ਪੈਸੇ ਅਤੇ ਮੇਰੀ ਸੰਪਤੀ ਉੱਤੇ ਅਸੀਸ ਦੇਵੇਗਾ (ਕਹਾਉਤਾਂ 3:9-10)।

56. ਮੈਂ ਜੋ ਵੀ ਦੂਸਰਿਆਂ ਦਾ ਕਰਜ਼ ਦੇਣਾ ਹੈ, ਜਿੰਨੀ ਜਲਦੀ ਸੰਭਵ ਹੋਵੇ ਮੈਨੂੰ ਉਹ ਦੇਣਾ ਚਾਹੀਦਾ ਹੈ (ਕਹਾਉਤਾਂ 3:27)।

57. ਮੈਨੂੰ ਲੋੜਵੰਦ ਲੋਕਾਂ ਪ੍ਰਤੀ ਉਦਾਰ ਹੋਣਾ ਚਾਹੀਦਾ ਹੈ (ਕਹਾਉਤਾਂ 11:24-25, ਕਹਾਉਤਾਂ 14:21, ਕਹਾਉਤਾਂ 19:17, ਕਹਾਉਤਾਂ 21:13)।

58. ਮੇਰਾ ਪੈਸਾ ਮੈਨੂੰ ਸੁਰੱਖਿਅਤ ਨਹੀਂ ਰੱਖਦਾ ਹੈ, ਪਰ ਮੇਰੀ ਧਾਰਮਿਕਤਾ ਮੈਨੂੰ ਸੁਰੱਖਿਅਤ ਰੱਖਦੀ ਹੈ (ਕਹਾਉਤਾਂ 2:7-8, ਕਹਾਉਤਾਂ 10:9, ਕਹਾਉਤਾਂ 10:25, ਕਹਾਉਤਾਂ 11:28)।

59. ਮੈਨੂੰ ਕਿਸੇ ਹੋਰ ਦੇ ਕਰਜ਼ਿਆਂ ਲਈ ਜ਼ਿੰਮੇਵਾਰੀ ਨਹੀਂ ਲੈਣੀ ਚਾਹੀਦੀ (ਕਹਾਉਤਾਂ 6:1-3, ਕਹਾਉਤਾਂ 17:18)।